ਸਭ ਤੋਂ ਵੱਡੀ ਜਨਮਸਾਖੀ
ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ

ਅਰਥਾਤ

ਭਾਈ ਬਾਲੇ ਵਾਲੀ

ਵੱਡੀ ਜਨਮਸਾਖੀ



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ਟਾਇਪ ਦਾ ਛਾਪਾ

ਸਚ ਤੇ ਵੱਡੀ ਜਨਮਸਾਖੀ
ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ

ਅਰਥਾਤ

ਭਾਈ ਬਾਲੇ ਵਾਲੀ

ਵੱਡੀ ਜਨਮਸਾਖੀ

ਇਸ ਵਿੱਚ

ਹੋਰਨਾਂ ਜਨਮਸਾਖੀਆਂ ਨਾਲੋਂ ਬਹੁਤ ਸਾਖੀਆਂ ਹੋਰ ਭੀ ਤਲਾਸ਼ ਕਰਕੇ ਲਿਖੀਆਂ ਹਨ ਤੇ ਦਸਮ ਪਾਤਸ਼ਾਹੀ ਤਕ ਸਭਨਾਂ ਗੁਰੂਆਂ ਦਾ ਸੰਖੇਪਕ ਪ੍ਰਸੰਗ ਲਿਖਯਾ ਹੈ ਅਤੇ ਭਾਈ ਅੱਜਿਤੇ ਰੰਧਾਵੇ ਦੀ ਗੋਸ਼ਟ ਤੇ ਮੱਕੇ ਮਦੀਨੇ ਦੀ ਗੋਸ਼ਟ ਭੀ ਸਾਰੀ ਲਿਖੀ ਹੈ

ਸੰਮਤ ੪੨੮ ਨਾਨਕ ਜੀ

ਮੁਨਸ਼ੀ ਗੁਲਾਬਸਿੰਘ ਐਂਡ ਸਨਜ਼ ਨੇ ਅੰਪਨੇ ਮਤਬੇ ਮੁਫ਼ੀਦਆਮ
ਲਾਹੌਰ ਵਿਖੇ ਬਡੀ ਕੋਸ਼ਿਸ਼ ਸੇ ਮੁਦ੍ਰਿਤ ਕਰਾਈ

ਮੋਲ ੩) ਰੁਪਏ

ਸਾਖੀ ਹੋਰ ਚਲੀ

ਗੋਸ਼ਟਿ ਭਾਈ ਅਜਿੱਤੇ ਰੰਧਾਵੇ ਨਾਲ ਹੋਈ

ਇਕ ਦਿਨ ਸ੍ਰੀ ਗੁਰੂ ਬਾਬਾ ਨਾਨਕ ਜੀ ਨਗਰ ਕਰਤਾਰਪੁਰ ਧਰਮਸਾਲਾ ਵਿੱਚ ਇਕੰਤ ਬਹੁਤ ਬੈਰਾਗ ਕੇ ਘਰ ਵਿੱਚ ਛਪ ਬੈਠਾ ਥਾ ਤਿਸ ਸਮੇ ਸਿਰੀਰਾਗ ਵਿੱਚ ਸ਼ਬਦ ਗਾਂਵਦਾ ਸੀ॥

ਸਿਰੀ ਰਾਗ ਮਹਲਾ ੧ ॥ ਕੋਟਿ ਕੋਟੀ ਮੇਰੀ ਆਰਜ਼ਾ ਪਉਣ ਪੀਅਣ ਅਪਿਆਉ ॥ ਚੰਦ ਸੂਰਜ ਦੁਇ ਗੁਫੈ ਨ ਦੇਖਾ ਸੁਪਨੈ ਸਵਨ ਨ ਥਾਉ॥ ਭੀ ਤੇਰੀ ਕੀਮਤਿ ਨਾਂ ਪਵੈ ਹਉਂ ਕੇਵਡੁ ਆਖਾ ਨਾਉ ॥ ੧ ॥ਸਾਚਾ ਨਿਰੰਕਾਰ ਨਿਜ ਥਾਉ ॥ ਸੁਣਿ ਸੁਣਿ ਆਖਣ ਆਖਣਾ ਜੇ ਭਾਵੈ ਕਰੇ ਤਮਾਉ ॥ ੧ ॥ ਰਹਾਉ ॥ ਪੰਖੀ ਹੋਇਕੈ ਜੇ ਭਵਾਂ ਸੈ ਅਸਮਾਨੀ ਜਾਉ॥ ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡ ਆਖਾ ਨਾਉ ॥ ੨ ॥ ਕੁਸਾਂ ਕੱਟੀਆਂ ਵਾਰ ਵਾਰ ਪੀਸਣ ਪੀਸਾ ਪਾਉ ॥ ਅੱਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡ ਆਖਾਂ ਨਾਉ॥ ੩ ॥ ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ॥ ਮੱਸੂ ਤੋਟਿ ਨ ਆਵਈ ਲੇਖਣ ਪਉਣ ਚਲਾਉ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪

ਜਾਂ ਸ੍ਰੀ ਗੁਰੂ ਬਾਬੇ ਨਾਨਕ ਜੀ ਏਹ ਸ਼ਬਦ ਉਦਾਸ ਰੂਪ ਬੈਰਾਗ ਦੇ ਘਰ ਗਾਂਵਿਆ ਤਾਂ ਭਾਈ ਅਜਿੱਤੇ ਰੰਧਾਵੇ ਸੁਣਿਆ ਸੁਣ ਕਰ ਡਰ ਗਿਆ ਭੈਮਾਨ ਹੋਇਕਰ ਹਜ਼ੂਰ ਸ੍ਰੀ ਗੁਰੂ ਬਾਬੇ ਅੱਗੇ ਹੱਥ ਜੋੜ ਕੇ ਆਯਾ ਜਾਂ ਦੇਖੇ ਤਾ ਸ਼ਬਦ ਕਰਕੇ ਬੈਰਾਗ ਕਰਦੇ ਹੈਨ ਅਰ ਬਹੁਤ ਉਦਾਸੀ ਦੇ ਘਰ ਹੈਨ ਤਾਂ ਮੱਥਾ ਟੇਕਕਰ ਬੈਠਾ ਤਾਂ ਭਾਈ ਅਜਿੱਤਾ ਰੰਧਾਵਾ ਸ੍ਰੀ ਗੁਰੂ ਬਾਬੇ ਜੀ ਕਾ ਸੁਭਾਵ ਦੇਖਕਰ ਬਹੁਤ ਹੀ ਦਿਲਗੀਰ ਹੋਯਾ ਜਾਂ ਘੜੀਆਂ ਦੁਇਕ ਬੀਤੀਆਂ ਤਾਂ ਸਤਿਗੁਰ ਦਇਆਲ ਹੋਯਾ ਤਾਂ ਆਖਿਆ ਬੱਚਾ ਤੂੰ ਭੈ ਮਾਨ ਕਿਉਂ ਹੋਂਦਾ ਹੈਂ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਿਸ਼ਾਹ ਤੇਰਾ ਬਚਨ ਸੁਣਕੇ ਬਹੁਤ ਮਨ ਵਿੱਚ ਗਿਣਤੀ ਆਈ ਹੈ ਜੇ ਭਾਵੈ ਤਾਂ ਅਰਦਾਸ ਸੁਣੀਐ ਤਾਂ ਬਚਨ ਹੋਯਾ ਬੱਚਾ ਅਜਿੱਤਿਆ ਅਰਦਾਸ ਗੁਰੂ ਸੁਣਦਾ ਹੈ ਜੋ ਕੁਛ ਪੁੱਛੇਂਗਾ ਸੋ ਨਿਸ਼ਾ ਹੋਵੇਗੀ ਤਾਂ ਗੁਰੂ ਕੇ ਬਚਨ ਪਾਇਕਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਿਸ਼ਾਹ ਜੀ ਜੇ ਤੂੰ ਮੇਹਰਬਾਨ ਹੋਯਾ ਹੈਂ ਤਾਂ ਇਸ ਪਦ ਕਾ ਵੀਚਾਰ ਸਮਝਾਈਐ ਤਾਂ ਬਚਨ ਹੋਯਾ ਸ਼ਾਬਾਸ ਬੱਚਾ ਅਜਿੱਤਿਆ ਤੈਂ ਭਲੀ ਬਾਤ ਪੁੱਛੀ ਹੈ ਸਿੱਖ ਤੇ ਪੁਤ੍ਰ ਏਹੋ ਜੇਹੇ ਲੋੜੀਦੇ ਹਨ ਜਿਸ ਕਰਕੇ ਸਿੱਖੀ ਕਾ ਉਧਾਰ ਹੋਵੇ ਬੱਚਾ ਅਜਿੱਤਿਆ ਤੈਂ ਭਲੀ ਬਾਤ ਪੁੱਛੀ ਹੈ ਇਸ ਪਦ ਕਾ ਵੀਚਾਰ ਏਹ ਹੈ ਜੇ ਕੋਈ ਕਹੇ ਜੋ ਮੈਂ ਬੇਸ਼ੁਮਾਰ ਜੀ ਕੀ ਕੀਮਤ ਪਾਵਾਂ ਤਾਂ ਨਹੀਂ ਪਾਈ ਜਾਤੀ ਤਾਂ ਉਪਾਵ ਦੇਖਾਂ ਕਿਤਨੇ ਜਤਨ ਕਰਤੇ ਹੈਨ ਜੋ ਕੋਈ ਆਖੇ ਜੋ ਮੈਂ ਪਉਣ ਕਾ ਅਹਾਰ ਕੀਤਾ ਕਿਛੁ ਨਾਹੀਂ ਹੋਂਦਾ ਜਿਚਰ ਚੰਦ ਸੂਰਜ ਇਕ ਗੁਫਾ ਵਿੱਚ ਨ ਹੋਵਨ ਤਿਚਰ ਸੁਪਨੈ ਸਉਣ ਨਾਹੀਂ ਮਿਲਦਾ ਅਤੇ ਸੱਚੇ ਨਿਰੰਕਾਰ ਕਾ ਵਾਸ ਜੋ ਹੈ ਸੋ ਨਿਜ ਥਾਉਂ ਵਿੱਚ ਹੈ ਜਾਂ ਨਿਜ ਥਾਉ ਦਿੱਸੇ

ਤਾਂ ਆਵਾਗਉਣ ਤੇ ਰਹਿਤ ਹੋਵੇ ਨਿਜਥਾਉਂ ਏਹ ਆਪਨੇ ਘਟ ਵਿਚ ਪਰਮੇਸ਼ਰ ਵਸਦਾ ਹੈ ਅਤੇ ਜੋ ਸ਼ੁਮਾਰ ਦੀ ਦਰਗਾਹ ਵਲ ਦਿਸਦਾ ਹੈ ਤਾਂ ਓੜਕ ਅੰਤ ਕੁਛ ਨਾਹੀਂ ਜਿਸ ਕਰਕੇ ਓਸਦੀ ਕੀਮਤ ਪਾਵੇ ਤਿਸਦਾ ਹਉਂ ਕੇਵਡ ਕਟਕੇ ਨਾਵ ਸਲਾਹੀਂ ਜੋ ਏਵਡ ਸਾਹਿਬ ਹੈ ਪਰ ਸੁਣ ਸੁਣ ਬੇਦ ਸ਼ਾਸਤ੍ਰ ਸਿੱਧ ਸਾਧਿਕ ਹੁਲਾਸ ਕਰਦੇ ਹੈਨ ਪਰਮੇਸ਼ਰ ਸਰਬਮਈ ਹੈ ਪਰ ਡਿਠਾ ਕਿਸੇ ਨਾਹੀਂ ਜੋ ਇਸ ਰੰਗ ਰੂਪ ਵਿੱਚ ਹੈ ਤਿਸ ਕਰਕੇ ਜੇ ਭਾਵਸ ਤਾਂ ਕਰੇ ਤਮਾਂਉ ਤਿਸਕੇ ਅੰਤ ਕਾਰਣ ਕੇਤੇ ਉਪਾਉ ਕਰਹੇ ਹੈਨ ਜੋ ਕਿਵੇਂ ਬੇਸ਼ੁਮਾਰ ਕਾ ਅੰਤ ਆਵੇ ਭਾਈ ਅਜਿੱਤਿਆ ਜੇ ਕੋਈ ਆਖੇ ਹਉਂ ਪੰਖੀ ਹੋਇਕੇ ਭਵਾਂ ਅਤੇ ਸੈ ਅਸਮਾਨੀ ਉੱਡਕੇ ਜਾਇ ਚੜ੍ਹਾ ਅਤੇ ਨਾ ਕਿਛੁ ਪੀਵੇ ਨਾ ਕੁਛ ਖਾਵੇ ਅਤੇ ਨਦਰੀ ਭੀ ਕਿਸੇਨੂੰ ਨਾ ਆਵੇ ਤਾਂ ਭੀ ਕੀਮਤ ਬੇਸ਼ੁਮਾਰ ਦੀ ਪਾਈ ਨਹੀਂ ਜਾਂਦੀ ਅਤੇ ਓਸਦਾ ਅੰਤ ਕੋਈ ਨਾਹੀਂ ਜਾਣਦਾ ਅਤੇ ਜੇ ਕੋਈ ਆਪ ਕੁਹਾਇ ਕੁਹਾਇਕੇ ਕਟ ਕਟਕੇ ਚੱਕੀ ਕਰ ਚਾਹਿ ਪੀਸਾਈਐ ਅਤੇ ਜੇ ਭਸਮ ਹੋਇ ਕਰ ਖੇਹ ਸੇਤੀ ਰਲਾਯਾ ਜਾਵੇ ਤਾਂ ਭੀ ਓਸਦੀ ਕੀਮਤ ਨਾਹੀਂ ਪਉਂਦੀ ਅਤੇ ਜੇ ਕੋਈ ਆਖੇ ਜੋ ਮੈਂ ਪਰਮੇਸ਼ਰ ਦਾ ਨਾਉਂ ਲਿਖ ਪੜ੍ਹਭਾਉ ਕਹੀ ਅਤੇ ਮਸ ਅਤੇ ਕਲਮ ਦੀ ਤੋਟ ਕਦੇ ਆਵੇ ਨਾਹੀਂ ਅਤੇ ਪਉਣ ਕੀ ਨਿਆਈਂ ਲਿੱਖਣ ਚਲਾਇ ਜਾਣਦਾ ਹੋਵੇ ਤਾਂ ਭੀ ਬੇਸ਼ੁਮਾਰ ਕੀ ਕੀਮਤ ਨਾਹੀਂ ਪਉਂਦੀ ਅਤੇ ਰਹਿੰਦਾ ਭੀ ਤਿਸਕੇ ਚੀਰ ਹੀ ਹੈ ਸਰਬਮਹਿ ਸਮਾਯਾ ਹੈ ਅਰ ਆਖਿਆ ਨਹੀਂ ਜਾਂਦਾ ਪਰ ਜੇ ਕੋਈ ਓਸਦੇ ਦੁਆਰੇ ਪਰ ਜਾਇ ਕੇ ਢਹਿ ਪਵੇ ਪਾਲਾਘਾਮ ਸਿਰ ਪਰ ਝੱਲੇ ਜੇ ਭਾਵਸ ਤਾਂ ਚਿਤਵੇਲੇ ਸਮਾਲ ਕਰੇ ਨਾਹੀਂ ਤਾਂ ਚਤਰਾਈ ਕੀਤਿਆਂ ਨਹੀਂ ਪਾਯਾ ਜਾਂਦਾ ਤਾਂ ਫੇਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਜੀ ਏਥੇ ਕਿਉ ਹੋਰ ਵਰਤਾਰਾ ਵਰਤਿਆ ਹੈ ਅਤੇ ਸੰਸਾਰ ਹੋਰਨਾਂ ਬਾਤਾਂ ਵਿੱਚ ਪਚ ਪਚ ਮਰਦਾ ਹੈ ਜੋ ਆਮ ਕਾ ਬੇਦ ਸੁਣੀਐ ਆਮ ਕਾ ਧਰਮ ਕਰੀਐ ਤਾਂ ਪਰਮੇਸ਼ਰ ਕਉ ਮਿਲੀਐ ਏਹ ਬਾਤ ਕਿਉਂ ਕਰ ਹੈ ਜੀ ਤਾਂ ਬੋਲਣਾ ਹੋਯਾ ॥ ਸ਼ਲੋਕ ॥ ਨਾ ਭੀਜੈ ਰਾਗੀ ਨਾਦੀ ਬੇਦ॥ ਨਾਂ ਭੀਜੈ ਸੁਰਤੀ ਧਿਆਨੀ ਜੋਗ॥ ਨਾ ਭੀਜੈ ਸੋਗੀ ਕੀਤੇ, ਰੋਜ ॥ ਨਾ ਭੀਜੈ ਰੂਪੀ ਮਾਲੀ ਰੰਗ॥ ਨਾ ਭੀਜੈ ਬਾਹਰ ਬੈਠਿਆਂ ਸੁੰਨਿ॥ ਨਾ ਭੀਜੈ ਭੇੜ ਮਰਹਿ ਭਿੜ ਸੂਰ ॥ ਨਾ ਭੀਜੈ ਕੇਤਕ ਹੋਵੈ ਧੂੜ ॥ ਲੇਖਾ ਲਿਖੀਐ ਮਨ ਕੈ ਭਾਇ॥ ਨਾਨਕ ਭੀਜੈ ਸਾਚੈ ਨਾਇ

ਤਿਸਕਾ ਪਰਮਾਰਥ ॥ ਭਾਈ ਅਜਿੱਤਿਆ ਓਹ ਬੇਸ਼ੁਮਾਰ ਅਗਮ ਪਰਮੇਸ਼ਰ ਹੈ ਬੇਪਰਵਾਹ ਹੈ ਨਾਹੀਂ ਭਿਜਦਾ ਭਾਵੇਂ ਕੋਈ ਰਾਗ ਨਾਦ ਗਾਵੇ ਭਾਵੇਂ ਬੇਦ ਸੁਣਾਵੇਂ ਭਾਵੇਂ ਕੋਈ ਗਿਆਨ ਸੁਰਤ ਕਰੈ ਭਾਵੇਂ ਕੋਈ ਸੋਗ ਕਰਕੇ ਬਹੇ ਨਾ ਰੂਪ ਮਾਲ ਕਰਕੇ ਭਿਜਦਾ ਹੈ ਨਾ ਦਾਨ ਪੁੰਨ ਕੀਏ ਭਿਜਦਾ ਹੈ ਸੁਣ ਭਾਈ ਸੂਰਮੇ ਕਾ ਮਹਾਤਮ ਸਭ ਤੇ ਵੱਡਾ ਕਹਿੰਦੇ ਹੈਨ ਜੋ ਭਿੜ ਮਰੀਐ ਤਾਂ ਭੀ ਨਹੀਂ ਭਿਜਦਾ ਜੋ ਕਹੇ ਹਉਂ ਧੂੜ ਹੋਇ ਰਹਾਂ ਤਾਂ ਭੀ ਪਰਮੇਸ਼ਰ ਨਾਹੀ ਭਿਜਦਾ ਬਿਨਾਂ ਸਚੇ ਨਾਮ ਨਹੀਂ ਭਿਜਦਾ ਸੱਚ ਨਾਮ ਜੋ ਹੈ ਸੋ ਮਨ ਕੇ ਅੰਤਰ ਲਿਖਿਆ ਹੋਯਾ ਹੈ ਓਸਕਾ ਰੂਪ ਸੱਚ ਹੈ ਹੋਰ ਚਤਰਾਈਆਂ ਕੀਤਿਆਂ ਓਹ ਨਹੀ ਭਿਜਦਾ ਬੇਦ ਸ਼ਾਸਤ੍ਰ ਪੁਰਾਨ ਏਹ ਜੋਗ

ਅਭਿਆਸ ਜੋ ਹੈ ਸੋ ਭੀ ਸਾਧਾਂ ਕੇ ਬਚਨਹੈਨ ਪਰ ਤ੍ਰਿਹੁ ਗੁਣਾਂ ਦਾ ਵਰਤਾਰਾਹੈ ਬੱਚਾਸਤਵਾਦੀ ਹੋਇ ਰਹੀਐਨਿੰਦਾਅਤੇ ਚਿੰਦਾ ਕਿਸੇਦੀ ਨ ਕਰੀਐਜੋਕਛੁ ਪਰਮੇਸ਼ਰ ਕੀ ਪੈਦਾਇਸ ਹੈਸੋ ਸਭ ਸੱਤ ਹੈ॥ ਸਲੋਕ॥ ਜੂਠ ਨ ਰਾਗੀ ਜੂਠਨ ਬੇਦੀ॥ ਜੂਠ ਨ ਚੰਦ ਸੂਰਜ ਕੀ ਭੇਦੀ॥ ਜੂਠ ਨ ਅੰਨੀ ਜੂਠ ਨ ਨਾਈ॥ ਜੂਠ ਨ ਮੀਹ ਵਰਿਐਸਭਥਾਈ॥ ਜੂਠ ਨ ਧਰਤੀਜੂਠਨਪਾਣੀ॥ ਜੂਠ ਨ ਪਵਣੇ ਮਾਹਿ ਸਮਾਣੀ॥ ਨਾਨਕ ਨਿਗੁਰਿਆ ਗੁਣ ਨਾਹੀਂ ਕੋਇ॥ ਮੁਹਿਫੇਰੇ ਮੁਹਿਜੂਠਾਹੋਇ॥ ੩ ਤਿਸਕਾ ਪਰਮਾਰਥ॥ ਭਾਈ ਅਜਿੱਤਿਆ ਰਾਗ ਬੇਦ ਭੀ ਜੂਠ ਨਹੀਂ ਅਤੇ ਚੰਦ ਸੂਰਜ ਭੀ ਅਤੇ ਸਰਬ ਥਾਨ ਉਸਦੇ ਹੈਨ ਧਰਤੀ ਪਉਣ ਪਾਣੀ ਏਹਭੀ ਜੂਠ ਨਾਹੀਂ ਏਹ ਸਭ ਸੱਤ ਹੈ ਜੂਠਾ ਤਾਂ ਓਹ ਹੈ ਜਿਸਨੇ ਗੁਰਾਂ ਦੇ ਸਬਦ ਨਾਲੋਂ ਮੂੰਹ ਫੇਰਿਆਹੈ ਅਰ ਜੋ ਨਿਗੁਰੇ ਹਨ ਤਿਨ ਕਾ ਕੀ ਹਵਾਲ ਹੈ ਜੋ ਏਥੇਹੀ ਪਰਤੱਖ ਗੁਰਾਂ ਨਾਲੋਂ ਨਿਖੜੇ ਹੈਨ ਸੋ ਫੇਰ ਕਦੇ ਨਾ ਮਿਲਨਗੇ ਜਾਂ ਏਹ ਬਚਨ ਸ੍ਰੀ ਗੁਰੂ ਬਾਬੇ ਜੀ ਕਹਿਆ ਤਾਂ ਅਜਿੱਤਾ ਰੰਧਾਵਾ ਬਿਸਮਾਦ ਹੋਇ ਗਿਆ ਤਾਂ ਅਰਦਾਸ ਕੀਤੀਅਸ ਜੀ ਸੱਚੇ ਪਾਤਸ਼ਾਹ ਤੇਰਾ ਵਰਨ ਚਿਹਨ ਰੰਗ ਰੂਪ ਏਹੋਹੈਕਿ ਕੋਈਹੋਰ ਹੈ ਤਾਂ ਬੋਲਣਾ ਹੋਯਾ ਬੱਚਾ ਅਜਿੱਤਿਆ ਪੂਰੇ ਏਹੋ ਜੇਹੇ ਲੋੜੀਦੇ ਹਨ ਗੁਰੂ ਬਾਬਾਜੀ ਬਹੁਤ ਖੁਸ਼ ਹੋਯਾ ਬੱਚਾ ਤੂੰ ਭਲੀ ਵਸਤ ਪੁੱਛੀਹੈ ਏਹ ਬਚਨ ਸਿੱਖਾਂ ਸੰਤਾਂ ਨੂੰ ਕਿਸੇ ਭਲੇ ਵਖਤ ਕੰਮ ਦੇਵਣਗੇ ਤਾਂ ਫੇਰ ਪ੍ਰਸੰਨ ਹੋਯਾ ਬਚਾ ਜਿਉਂ ਸਾਂਗੀ ਸਾਂਗ ਕਰਤਾ ਹੈ ਅਤੇਆਪਣਾ ਭੇਖ ਬਦ ਲਾਂਹਿਦਾ ਹੈ ਤਿਸਨੋਂ ਕੋਈ ਲਖ ਨਹੀਂ ਸਕਦਾ ਏਹ ਕੌਣ ਹੈ ਸੋ ਇਸੀ ਤਉਂਸ ਗੁਰੂ ਭੀ ਭੇਖ ਵਟਾਯਾ ਤਾਂ ਸਿਆਣੀਏਂਗਾ ਨਾਹੀਂ ਜੋ ਏਹ ਗੁਰੂ ਹੈ ਕਿ ਕੋਈ ਹੋਰ ਹੈ॥ ਸ਼ਲੋਕ॥ ਧੁੰਧੂਕਾਰ ਅਗਾਮ ਹੈ ਏਕੋ ਏਕ ਹਰਿ ਰਾਇ॥ ਆਯਾ ਆਪ ਉਲਾਸ ਕਰ ਨਾਨਕ ਦਰਸ ਦਿਖਾਇ॥ ੪॥ ਤਿਸਕਾ ਪਰਮਾਰਥ॥ ਸੁਣ ਬੱਚਾ ਅਜਿਤਿਆ ਧੁੰਧੂਕਾਰ ਵਿੱਚ ਇਕ ਨਿਰੰਕਾਰ ਰਹਿਸੀਤਦ ਏਕ ਇਕੱਲਾ ਸੀ ਕੋਈ ਦੂਸਰਾ ਨਾ ਸੀ ਜੋ ਕੀਮਤ ਬੇਸ਼ੁਮਾਰ ਕੀ ਕਰੇ ਜੋ ਭਾਵਿਸ ਤਾਂ ਆਪੇ ਉਲਾਸ ਕੀਤੋਸ ਆਪਣਾ ਆਪ ਉਪਾਇਓਸ ਤਿਸਤੇ ਅਨੇਕ ਰੂਪ ਅਨੇਕ ਭਾਂਤ ਕਰ ਸਾਜੇ ਤਿਸ ਕਰਕੇ ਬੇਸ਼ੁਮਾਰ ਸਾਹਿਬ ਹੈ ਬੇਸ਼ੁਮਾਰ ਹੀਕੰਮ ਕੀਤੇਸ ਤਿਸਤੇ ਆਪਣੀ ਜੋਤ ਪਾਇਕੇ ਗੁਰੂ ਹੋਇਬੈਠਾਹੈਜਿਸਨੂੰ ਦਰਸ਼ਨ ਦਿੱਤੋਸ ਸੋਭੀ ਸਾਧਸੰਤਹੋਇ ਬੈਠਾਜਿੱਥੇ ਗੁਰੂ ਪਰਮੇਸ਼ਰ ਕਾ ਨਿਵਾਸ ਹੋਯਾ ਹੈ ਮਨੁਖਾਂ ਕੇ ਜਾਮੇ ਜਿਨਕੋ ਦਰਸ਼ਨ ਹੋਯਾ ਹੈ ਅਰ ਪ੍ਰਤੀਤ ਆਈ ਹੈ ਸੋ ਆਵਾਗਉਣ ਤੇ ਰਹਿਤ ਹੋਯਾ ਔਰ ਪਾਰ ਗਿਰਾਮੀ ਹੋਯਾ॥ ਸ਼ਲੋਕ॥ ਜਾਮਾ ਪਹਿਰ ਜੁਗਾਂ ਮਹਿ ਬੈਠਾ ਸਗਲ ਪਰੋਈ ਸੂਤ॥ ਅੰਧਕਾਰਦੀਪਕਪਰਗਾਸਿਆ ਕਹੁ ਨਾਨਕਮਰਮ ਨ ਜਾਨਹਿ ਦੂਤ॥ ੫॥ ਤਿਸਕਾ ਪਰਮਾਰਥ॥ ਬੱਚਾ ਅਜਿਤਿਆ ਗੁਰੂ ਜੋਹੈ ਸੋ ਆਦਿ ਪੁਰਖ ਹੈ ਜੁਗ ਜੁਗ ਕਰਦਾ ਆਯਾਹੈ ਪਰ ਇਕਨਾ ਨੋਂ ਮਰਮ ਆਯਾ ਤੇ ਇਕਨਾ ਨੋਂ ਨਹੀਂ ਆਯਾ ਤਿਨਾਂ ਜਾਣਿਆ ਜੋ ਰਾਜਾ ਹੈ ਜਿਸ ਗੁਰੂ ਕਰਕੇ ਜਾਣਿਆਬਚਨ ਮੰਨਿਆਸ਼ਬਦਮਨ ਵਸਾਯਾ ਤੇ ਪ੍ਰਤੀਤ ਆਈ ਸੋ ਮਹਾਂ ਪੁਰਖ ਭਏ ਉਸ ਪਿੱਛੇ ਬਹੁਤ ਲੱਗੇ ਸੋਭੀ ਉਧਰੇ ਬੱਚਾ

ਸਤਜੁਗ ਵਿਖੇ ਗੁਰੂ ਚਉਰਾਸੀ ਜਾਮੇ ਪਹਿਰੇ ਸੀ ਚਉਰਾਸੀ ਜਾਮੇ ਤ੍ਰੇਤੇ ਜੁਗ ਵਿੱਚ ਚਉਰਾਸੀ ਜਾਮੇ ਦੁਆਪਰ ਵਿੱਚ ਪਹਿਰੇ ਸੀ ਅਰ ਜਿਨਾਂ ਦਰਸ਼ਨ ਕੀਤਾ ਅਰ ਉਪਦੇਸ਼ ਲਿਆ ਅਰ ਸ਼ਬਦ ਮਨ ਵਸਾਯਾ ਤਿਨਾਂ ਨੋਂ ਭਾਲ ਦੀਪਕ ਹੋਯਾ ਸ਼ਬਦ ਜੋ ਹੈ ਸੋ ਦੀਪਕ ਹੈ ਜਿਸ ਕਉ ਗੁਰੂ ਕੇ ਸ਼ਬਦ ਕਾ ਮਰਮ ਨਾ ਆਯਾ ਸੋ ਭੂਤ ਹੋਏ ਓਹ ਜੁਗ ਜੁਗ ਅੰਧੇ ਹੀ ਰਹੇ ਸੂਤਕ ਉਨਾਂ ਦਾ ਗਇਓ ਨਹੀਂ ਸਗਲ ਪਰੋਈ ਸੂਤ ਸੋ ਕਜੋਂਕਰ ਪਟੋਈ ਮਾਲ ਖ਼ਾਵੰਦ ਦੁਇ ਕਰਨੀਆਂ ਪਿੱਛੇ ਜਾਪਦਾ ਹੈ ਕਿਸੇ ਗੁਰਮੁਖ ਕਾ ਕਹਿਆ ਮੰਨਣਾ ਹੁੰਦਾ ਹੈ ਤਿਨਾਂ ਕੋ ਸਬਦ ਉਪਜਾਉਂਦਾ ਹੈ ਓਹ ਸਾਧ ਸੰਗਤ ਦਾ ਮਰਮ ਖੋਜਦੇ ਹੈਨ ਬੱਚਾ ਅਜਿੱਤਿਆ ਹੁਣ ਏਹ ਕਲਯੁਗ ਆਯਾ ਹੈ ਇਸ ਵਿੱਚ ਮਹਾਂ ਦੁੰਦ ਰਟੇਗਾ ਕਿਸੇ ਕੀ ਰਹਿਣ ਨਾ ਦੇਵੇਗਾ ਇਸ ਕਲਜੁਗ ਵਿਖੇ ਕਈ ਜਾਮੇ ਗੁਰੂ ਹੋਵਨਗੇ ਚੌਦਾਂ ਜਾਮੇ ਗੁਰੂ ਜ਼ਾਹਰ ਹੋਵਨਗੇ ਅਰ ਸਤਿਗੁਰ ਸਾਧ ਕਹੀਅਨਗੇ ਅਰ ਸੱਤਰ ਜਾਮੇ ਨਾਉਂ ਧਰੀਕ ਭਗਤਿ ਕਹੀਅਨਗੇ ਅਰ ਜਦ ਗੁਰੂ ਜਾਮਾ ਪਹਿਰੇਗਾ ਤਾਂ ਗੁਰੂ ਅਕਾਲ ਪੁਰਖ ਦਾ ਭਾਣਾ ਮੰਨੇਗਾ ਜੋ ਭਾਵੈ ਸੋ ਕਰੇ ਅਤੇ ਸੁਣ ਭਾਈ ਅਜਿੱਤਿਆ ਹੁਣ ਏਹ ਵਰਤਾਰਾ ਦੇਖ ਜੋ ਗੁਰੂ ਸਾਂਗ ਕਰੇਗਾ ਤਾਂ ਸਿੱਖ ਸਭ ਨਾਲੋਂ ਭੁੱਲ ਜਾਨਗੇ ਤੇ ਸਤਿਗੁਰੂ ਨੂੰ ਦੋਸ਼ ਰੱਖਨਗੇ ਨਿੰਦਾ ਕਰਨਗੇ ਤਿਤ ਕਰ ਬੇਮੁਖ ਹੋਵਨਗੇ ਅਤੇ ਮਨੁਖਾਂ ਨੂੰ ਗੁਰੂ ਕਰਕੇ ਬਠਾਵਣਗੇ ਸਤਿਗੁਰ ਤੇ ਭੁਲ ਜਾਵਨਗੇ ਬੱਚਾ ਅਜਿੱਤਿਆ ਗੁਰੂ ਜੁਗ ਜੁਗ ਵਿੱਚ ਹੁੰਦਾ ਆਯਾ ਹੈ ਅਰ ਹੋਵੇਗਾ ॥ ਸ਼ਲੋਕ ॥ ਸਤਿਜੁਗ ਗੁਰ ਮਿਹਰਵਾਨ ਤ੍ਰੇਤੇ ਜਨਕ ਬਦੇਹ ॥ ਹਰੀਚੰਦ ਦੁਆਪਰ ਗੁਰੂ ਕਲਜੁਗ ਨਾਨਕ ਦੇਉ ॥ ੬ ॥ ਤਿਸਕਾ ਵਿਚਾਰ ਕਹਿਤੇ ਹੈਨ ॥ ਭਾਈ ਅਜਿੱਤਿਆ ਸਤਿ ਯੁਗ ਵਿਖੇ ਏਹੀ ਗੁਰੂ ਮਿਹਰਵਾਨ ਥਾ ਤਿਸ ਦੀ ਪੈਰੀਂ ਸਿੱਖ ਕਰੋੜੀ ਪੰਦ੍ਰਾਂ ਪਏ ਤਿਸ ਸਮੇ ਆਗਿਆ ਹੋਈ ਭਾਈ ਜੱਗ ਕਰਹੁ ਅਤੇ ਹਾਥੀ ਜੱਗ ਵਿਖੇ ਪਾਵਹੁ ਅਰ ਖ਼ਾਵਹੁ ਅਤੇ ਹਾਥੀ ਜੱਗ ਪਾਇਕੇ ਸਿੱਖ ਸੰਤ ਸਭ ਸਦਾਏ ਅਤੇ ਬਚਨ ਹੋਯਾ ਘਾਹ ਦਾਣਾ ਤਈਅਰ ਕਰਾਵੋ ਹਾਥੀ ਫੇਰ ਜੀਵੇਗਾ ਤਾਂ ਸਿੱਖਾਂ ਨੋਂ ਆਗਿਆ ਹੋਈ ਬੱਚਾ ਏਸ ਹਾਥੀ ਕਉ ਜੇਂਵਹੁ ਤਾਂ ਸਿੱਖ ਕਰੋੜਾਂ ਹੀ ਨੱਸ ਗਏ ਪੰਜਾ ਹੁਕਮ ਮੰਨਿਆ ਅਤੇ ਦਸ ਕਰੋੜ ਵਿਚਾਰਾਂ ਹੀ ਕਰਦੇ ਰਹੇ ਤਾਂ ਭਾਈ ਗੁਰੂ ਫੇਰ ਹਾਥੀ ਜਿਵਾਇ ਖੜਾ ਕੀਤਾ ਇਹ ਕਉਤਕ ਸਤਿਜੁਗ ਵਿੱਚ ਹੋਯਾ ਸੀ ਅਤੇ ਜਿਨਾਂ ਨਹੀਂ ਸੀ ਜੇਂਵਿਆ ਸੋ ਪਿਛੋਂ ਪੱਛੋਤਾਵਣ ਲਗੇ ਤਾਂ ਫੇਰ ਆਖਣ ਲਗੇ ਜੀ ਜੋ ਹੁਕਮ ਹੋਵੇ ਤਾਂ ਅਸੀ ਹੁਣ ਜੇਵੀਏਂ ਜੀ ਤਾਂ ਹੁਕਮ ਹੋਯਾ ਓਹ ਵੇਲਾ ਬੀਤ ਗਿਆ ਮਿਲੇ ਸੋ ਖਾਇ ਪਏ ਅਤੇ ਤੂਠੇ ਸੋ ਫੇਰ ਸੁਟੇ ਤਾਂ ਫੇਰ ਤ੍ਰੇਤੇ ਜੁਗ ਵਿੱਚ ਗੁਰੂ ਜਨਕ ਬਦੇਹੀ ਹੋਯਾ ਅਰ ਸਿੱਖ ਕਰੋੜੀ ਇੱਕੀਸ ਪੈਰੀਂ ਆਇ ਪਏ ਤਾਂ ਆਗਿਆ ਹੋਈ ਜੋ ਘੋੜਾ ਜੱਗ ਪਾਵਹੁ ਤਾਂ ਸਿੱਖ ਸਭ ਸਦਵਾਏ ਤੇ ਹੁਕਮ ਹੋਯਾ ਜੋ ਦਾਣ ਘਾਹ ਅਣਾ ਰੱਖੋ ਘੋੜਾ ਫੇਰ ਉਠੇਗਾ ਤਾਂ ਸਿੱਖਾਂ ਨੂੰ ਆਗਿਆ ਹੋਈ ਬੱਚਾ ਘੋੜਾ ਜੇਂਵਹੁ ਤਾਂ ਸੱਤਾਂ ਕਰੋੜੀ ਹੁਕਮ ਮੰਨਿਆ ਅਤੇ ਚੌਦਾਂ ਕਰੋੜੀ ਨੱਸ ਗਏ ਜਾਂ ਘੋੜਾ ਉੱਠਿਆ ਤਾਂ ਲੱਗੇ ਪੱਛੋਤਾਵਣੇ ਤੇ ਆਖਣ ਲੱਗੇ ਜੀ ਅਸੀ ਭੀ ਹੁਣ ਜੇਵਣੇ ਹਾਂ

ਤਾਂ ਹੁਕਮ ਹੂਆ ਓਹ ਵੇਲਾ ਗੁਜ਼ਰ ਗਿਆ ਤਾਂ ਫੇਰ ਦੁਆਪਰ ਜੁਗ ਗੁਰੂ ਹਰੀਚੰਦ ਪ੍ਰਗਟਿਆ ਤਾਂ ਸਿੱਖ ਕਰੋੜੀ ਛੱਤ੍ਰੀ ਆਇ ਪੈਰੀਂ ਪਏ ਤਾਂ ਆਗਿਆ ਹੋਈ ਭਾਈ ਗੈਂਡਾ ਜੱਗ ਪਾਵੇ ਤਾਂ ਸਭ ਸਿੱਖ ਅਕੱਠੇ ਹੋਏ ਤੇ ਲਗੇ ਵਿਚਾਰਾ ਕਰਨ ਭਾਈ ਇਹ ਸਾਂਗ ਬੜਾ ਭਾਰੀ ਹੋਯਾ ਹੈ ਤਾਂ ਹੁਕਮ ਹੋਯਾ ਬੱਚਾ ਘਾਹ ਦਾਨਾ ਇਕੱਠਾ ਕਰੋ ਗੈਂਡਾ ਫੇਰ ਉਠੇਗਾ ਤਾਂ ਫੇਰ ਸਿੱਖਾਂ ਨੋਂ ਹੁਕਮ ਹੋਯਾ ਬੱਚਾ ਏਹ ਪਰਸਾਦਿ ਜੇਂਵਹੁ ਤਾ ਇੱਕੀਸ ਕਰੋੜੀ ਬਚਨ ਮੰਨਿਆਂ ਤੇ ਪੰਦ੍ਰਾਂ ਕਰੋੜ ਨੱਸ ਗਏ ਤਾਂ ਗੈਂਡਾ ਉਠ ਖੜਾ ਹੂਆ ਤਾਂ ਲਗੇ ਪੱਛੋਤਾਵਣੇ ਤਾਂ ਆਖਣ ਲਗੇ ਅਸੀ ਹੁਣ ਜੇਂਵਨੇਹਾਂ ਜੀ ਤਾਂ ਓਥੋਂ ਆਗਿਆ ਹੋਈ ਬੱਚਾ ਓਹ ਜੋ ਵੇਲਾ ਸੀ ਸੋ ਗੁਜ਼ਰ ਗਿਆ ਤਾਂ ਫੇਰ ਹੁਣ ਜੋ ਨਿਬੇੜਾ ਹੋਵੇਗਾ ਤਾਂ ਕਲਜੁਗ ਵਿੱਚ ਹੋਵੇਗਾ ਬੱਚਾ ਪਿਛਲੇ ਜੁਗਾਂ ਵਿਚ ਜਪ ਤਪ ਬਹੁਤ ਕਰਦੇ ਸਨ ਅਤੇ ਸੱਤਵਾਦੀ ਹੁੰਦੇ ਸਨ ਤੇ ਜੋ ਕੋਈ ਭੁਟਦਾ ਸਾ ਸੋ ਫੇਰ ਮਨੁੱਖਾ ਜਨਮ ਹੋਕਰ ਉਧਰਦਾ ਸਾ ਜੋ ਇਕ ਜੁਗ ਚੁਕਦਾ ਸੀ ਤਾਂ ਦੂਸਰੇ ਜੁਗ ਮਿਲ ਪਉਂਦਾ ਸੀ ਅਤੇ ਮੁਕਤਿ ਪਾਉਂਦਾ ਸੀ ਅਤੇ ਬੱਚਾ ਅਜਿੱਤਿਆ ਹੁਣ ਆਯਾ ਹੈ ਕਲਜੁਗ ਤੇ ਗੁਰੂ ਨਾਉ ਧਰਾਯਾ ਹੈ ਨਾਨਕ ਤੇ ਸਿੱਖ ਪੈਰੀਂ ਪਵਨਗੇ ਛਿਨਵੇਂ ਕਰੋੜੀ ਤੇ ਮਨੁੱਖ ਜੱਗ ਪਵੇ ਗਾ ਅਤੇ ਇਸ ਸਾਂਗ ਵਿਚ ਠਹਿਰ ਕੋਈ ਨਾ ਸਕੇਗਾ ਇਕ ਨਸ ਜਾਨਗੇ ਤੇ ਇਕ ਫ੍ਰਿਟਿ ਜਾਨਗੇ ਇਕ ਬਚਨ ਉੱਪਰ ਚਾਰ ਸਿੱਖ ਤਕੜੇ ਰਹਿਨਗੇ ਅਤੇ ਉਨਾਂ ਦਾ ਸਦਕਾ ਓਹ ਭੀ ਸਾਂਗ ਬਖ਼ਸ਼ਿਆ ਜਾਵੇਗਾ ਅਤੇ ਬੱਚਾ ਅਗਲਿਆਂ ਜੁਗਾਂ ਦੇ ਮਾਨੁੱਖ ਸੱਤਵਾਦੀ ਰਹਿੰਦੇ ਸਨ ਅਤੇ ਪ੍ਰਤੀਤ ਗੁਰਾਂ ਦੇ ਬਚਨਾਂ ਉੱਪਰ ਰੱਖਦੇ ਸਨ ਅਤੇ ਓਨਾਂ ਦੀ ਅਰਦਾਸ ਨਾਲ ਓਹ ਭੀ ਉਠ ਖੜਾ ਹੋਂਦਾ ਆਹਾ ਅਤੇ ਬੱਚਾ ਅਜਿੱਤਿਆ ਕਲਜੁਗ ਵਿੱਚ ਸਿੱਖ ਗੁਰਾਂ ਉਪਰ ਪ੍ਰਤੀਤ ਥੋੜੀ ਰੱਖਨਗੇ ਅਤੇ ਮਾਯਾ ਕਾਰਨ ਜਗਤ ਬਹੁਤ ਅਕੱਠਾ ਹੋਵੇਗਾ ਬੱਚਾ ਏਹ ਸੰਸਾਰ ਅਵੇਹਾ ਹੈ ਜੇ ਆਪਣਾ ਆਪ ਵਿਖਾਈਏ ਤਾਂ ਮਿੱਟੀ ਵੀ ਪੁੱਟਕੇ ਲੈ ਜਾਵਣ ਇਸ ਵਾਸਤੇ ਮਾਨੁੱਖ ਖੜਾ ਨਾ ਕੀਵੇਗਾ ਇਤ ਕਰਕੇ ਗੁਰੂ ਸੰਜਮ ਵਿੱਚ ਰਹੇਗਾ ਜਾਂ ਸਾਂਗ ਕਰੇਗਾ ਤਾਂ ਸਭ ਖਿੰਡ ਜਾਵੇਗੀ ਕੋਈ ਗੁਰਮੁਖ ਹੀ ਸਬੂਤ ਰਹੇਗਾ ਅਤੇ ਜੋ ਏਥੋਂ ਖਿਸਕੇ ਗਾ ਅਥਵਾ ਚੁਕੇਗਾ ਸੋ ਥਾਉਂ ਕਿਥਾਊਂ ਨਾ ਪਾਵੇਗਾ ਅਤੇ ਬਹੁਤ ਜੁਗ ਭਰਮੇਗਾ ਜੇਵਡ ਸਾਹਿਬ ਤੇਵਡ ਰਜ਼ਾਈ ॥ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਜੀ ਜਿਸਦੀ ਪ੍ਰਤੀਤ ਤੂੰ ਰੱਖੇਂਗਾ ਤਿਸਦੀ ਰਹੇਗੀ ਜੇਵਡ ਸਾਹਿਬ ਹੈ ਤਿਸ ਦੀਆਂ ਤੇਵਡ ਰਜ਼ਾਈਂ ਹੈਨ ॥ ਤਾਂ ਬੋਲਣਾ ਹੋਯਾ ॥ ਸ਼ਲੋਕ ॥ ਆਦਿ ਪੁਰਖ ਅਪਰੰਪਰ ਕਰਤਾ ਆਪੇ ਦਾਨਾ ਬੀਨਾ ॥ ਕਹਨ ਸੁਨਨ ਤੇ ਰਹੇ ਨਿਆਰਾ ਕਾਹੂ ਸੰਗ ਨ ਭੀਨਾ ॥ ਤਾਂ ਕੀ ਜਾਤ ਨ ਜਨਮ ਨ ਵਰਨ ਚਿਹਨ ਹੈ ਕਵਣ ਕਹ ਤੂੰ ਕਦਕਾ ॥ ਹਾਜਰ ਹਜੂਰ ਨਿਕਟ ਨ ਆਵੇ ਹਰਖ ਸੋਗ ਤੇ ਰਹਿਤਾ ॥ ਗਗਨ ਨਿਰੰਤਰਿ ਮਹਿਲ ਨਿਵਾਸੀ ਕੁੰਜ ਅਵਾਜਾ ਖੋਲੈ ॥ ਕਹੁ ਨਾਨਕ ਅਬਿ ਭਈ ਹੈਰਾਨੀ ਕੋਈ ਸਾਧੂ ਤੱਤ ਵਿਰੋਲੈ ॥ ੭ ॥ ਤਿਸਕਾ ਪ੍ਰਮਾਰਥ ਸ੍ਰੀ ਗੁਰੂ ਨਾਨਕ ਜੀ ਕਹਿਤੇ ਹੈਨ ॥ ਭਾਈ ਅਜਿੱਤਿਆ ਓਹ ਜੋ ਆਦਿ ਪੁਰਖ ਹੈ ਸੋ

ਜੁਗ ਜੁਗ ਵਿਖੇ ਵਰਤਦਾ ਆਯਾ ਹੈ ਤਿਸਦਾ ਪਾਰਾਵਾਰ ਨਹੀਂ ਪਾਇਆ ਜਾਂਦਾ ਓਹ ਆਪੇ ਹੀ ਦਾਨਾ ਹੈ ਅਤੇ ਆਪੇ ਹੀ ਬੀਨਾ ਹੈ ਦਾਨਾ ਤਾਂ ਇਉਂ ਹੈ ਜੋ ਕੁਛ ਕਰਦਾ ਹੈ ਸੋ ਆਪੇ ਹੀ ਕਰਦਾ ਹੈ ਅਤੇ ਦੂਸਰੇ ਪਾਸੋਂ ਮਸਲਤ ਨਹੀਂ ਪੁੱਛਦਾ ਅਤੇ ਜੋ ਕੁਛ ਕਰਦਾ ਹੈ ਸੋ ਭਲੀ ਹੀ ਕਰਦਾ ਹੈ ਅਤੇ ਬੀਨਾ ਇਉਂ ਹੈ ਜੋ ਸਭਸਦਾ ਅੰਤਰਜਾਮੀ ਹੈ ਅਤੇ ਕਾਹੂ ਸੰਗ ਨ ਭੀਨਾ ਉਸ ਕਿਸੇ ਕੀ ਮਤ ਬੁਧ ਚਤੁਰਾਈ ਸਿਆਨਪ ਮਸਲਤ ਖੁਸ਼ ਨਹੀਂ ਆਵਦੀ ਓਹ ਕਿਸੇ ਬਾਤ ਪਰ ਪਰਚਦਾ ਨਹੀਂ ਤਟ ਤੀਰਥ ਤਪਸਿਆ ਪੂਜਾ ਅਰਚਾ ਦਾਨ ਪੁੰਨ ਪਰ ਭਿਜਦਾ ਨਾਹੀ ਬਿਨਾਂ ਸਤਿਗੁਰਾ ਦੇ ਸ਼ਬਦ ਉਸਕੀ ਜਾਤਿ ਕਉਣ ਜਾਨੈ॥ ਅਰ ਵਰਨ ਕਿਯਾ ਕਹੀਐ ਅਰਚਿਹਨ ਕਿਆ ਕਹੀਐ ਜਿਉਂ ਪਾਰਸ ਕੇ ਭੇਟੇ ਲੋਹਾ ਸੁਵਰਨ ਹੋਜਾਤਾ ਹੈ ਅਤੇ ਦੁਰਮਤ ਮਿਟ ਜਾਂਦੀ ਹੈ ਜੈਸੇ ਅਤਿ ਸੈ ਪਾਪੀ ਜੀਵ ਸੰਤਾਂ ਨਾਲ ਮਿਲਕਰ ਸਾਧ ਹੋਜਾਂਦਾ ਹੈ ਤਿਉ ਪਾਰਸ ਦੇ ਸਪਰਸ਼ ਕੀਏ ਪਾਰਸ ਨਹੀਂ ਹੋਤਾ ਸੋਨਾ ਹੋਤਾ ਹੈ ਏਹ ਅੰਤਰਾ ਸੰਤ ਮੇ ਔਰ ਪਾਰਸ ਮੇਂ ਹੈ ਅਤੇ ਸੰਤ ਜੋ ਹੈਨ ਸੋ ਦੀਵੇ ਦੇ ਸਮਾਨ ਹੈਨ ਜੈਸੇ ਏਕ ਦੀਵੇ ਸੇ ਦੂਸਰਾ ਦੀਵਾ ਜਗਾਵੇ ਉਸ ਸੇ ਔਰ ਜਗਾਵੇ ਇਸੇ ਤਰਾਂ ਅਸੰਖ ਦੀਵੇ ਜਗਾਈਏ ਤਾਂ ਜੋਤ ਸਭਨਾਂ ਦੀ ਇੱਕੋ ਜੇਹੀ ਰੁਸ਼ਨਾਈ ਹੈ ਅਤੇ ਪਾਰਸ ਸੇ ਲੋਹਾ ਲਾਈਏ ਤਾਂ ਸੋਨਾ ਹੋਤਾ ਹੈ ਪਰ ਓਹ ਸੋਨਾ ਹੋਰ ਸੋਨਾ ਨਹੀਂ ਬਨਾ ਸਕਤਾ ਸੋਨਾ ਤਬੀ ਹੋਤਾ ਹੈ ਜੋ ਪਾਰਸ ਸੇ ਮਿਲੇ ਸੋ ਪਾਰਸ ਮੇਂ ਔਰ ਸੰਤ ਮੇਂ ਏਹੀ ਵਸੇਖਤਾ ਹੈ ਸੰਤਾਂ ਕਉ ਭਾਵੇਂ ਕੈਸਾ ਪਾਪੀ ਮਿਲੇ ਤਉ ਭੀ ਸੰਤ ਆਪ ਸਮਾਨ ਕਰ ਲੈਂਦੇ ਹੈਨ ਅਤੇ ਫੇਰ ਉਸਕੀ ਕੀਮਤ ਹੀ ਹੋਰ ਹੋਜਾਂਦੀ ਹੈ ਕਿਉਂ ਜੋ ਓਹ ਫੇਰ ਦੁਨੀਆਂ ਨਾਲ ਨਹੀਂ ਮਿਲਦਾ ਜਿਉਂ ਮ੍ਰਿਤਕ ਵਿਚ ਜੀਉ ਪਏਂਦਾ ਹੈ ਅਤੇ ਓਹ ਆਪਣੀ ਭਾਖਿਆ ਨਾਲ ਬੋਲ ਉਠਤਾ ਹੈ ਜਬ ਪਰਮੇਸ਼ਰ ਇਸ ਪ੍ਰਾਣੀ ਵਿਚ ਜੋਤਿ ਪਾਂਇਦਾ ਹੈ ਤਾਂ ਏਹ ਭੀ ਬੋਲ ਉਠਤਾ ਹੈ ਉਸ ਪਰਮੇਸ਼ਰ ਕੀ ਭਾਖਿਆ ਦੀ ਕੀਮਤ ਨਹੀਂ ਕਹੀ ਜਾਤੀ ਅਪਰ ਅਪਾਰ ਹੈ ਹਰਖ ਸ਼ੋਗ ਤੇ ਨਿਆਰਾ ਹੈ ਓਹ ਗਗਨੰਤਰ ਮਹਲ ਨਿਵਾਸੀ ਹੈ ਕੂੰਜ ਅਵਾਜ਼ ਬੋਲਦਾ ਹੈ॥ ਕਹੁ ਨਾਨਕ ਅਬ ਭਈ ਹੈਰਾਨੀ ਕੋਊ ਸਾਧੂ ਤਤ ਵਿਰੋਲੈ॥ ਸੋ ਕਿਉਂਕਰ ਹੈ ਜਿਤਨਾ ਅਕਾਰ ਹੈ ਤਿਸ ਵਿਚ ਉਸਕਾ ਨਿਵਾਸ ਹੈ ਤਿਸ ਕਰਕੇ ਸਭ ਸਰਜੀਤ ਹੈਨ ਅਰ ਮਹਿਲ ਨਿਵਾਸੀ ਉਸਕੇ ਸਾਧ ਹੈਨ ਸੋ ਉਨਾਂ ਵਿਚ ਕੂੰਜ ਅਵਾਜ਼ ਹੋਇ ਬੋਲਦਾ ਹੈ ਸੋ ਕੂੰਜ ਅਵਾਜ਼ ਕਿਆ ਹੈ ਜੋ ਕੂੰਜ ਕਹੀਏ ਦੇਹੀ ਅਤੇ ਜੋ ਇਸ ਦੇਹੀ ਵਿਚ ਅਨਾਹਦ ਵਾਜਾ ਹੈ ਸੋ ਕਹੀਐ ਬੋਲਣਾ ਅਤੇ ਜੋ ਸੰਤ ਜਨ ਹੈਨ ਸੋ ਓਹ ਅਨਾਹਦ ਸ਼ਬਦ ਸੁਣਦੇ ਹੈਨ ਅਨਾਹਦ ਸ਼ਬਦ ਕਾ ਏਹ ਪ੍ਰਾਪਤ ਹੈ ਪਰ ਹੈਰਾਨਗੀ ਜੋ ਹੈ ਸੋ ਕਿਆ ਹੈ ਜਾਂ ਓਹ ਸਾਧ ਅੰਤਰ ਬ੍ਰਿਤੀ ਹੋਕਰ ਸੁਣਨੇ ਤੇ ਰਹਿਤ ਹੋ ਜਾਹਿਗੇ ਓਹ ਜੋ ਥਾਨ ਹੈਨ ਤਿਨਾਂ ਵਿਚੋਂ ਬਰਕਤ ਨਿਕਲ ਜਾਂਦੀ ਹੈ ਤੇ ਓਹ ਖ਼ਾਲੀ ਰਹਿ ਜਾਨਗੇ ਤਬ ਦੁਨੀਆ ਬੇ ਪ੍ਰਤੀਤਿ ਹੋਇਗੀ ਭਾਈ ਅਜਿੱਤਿਆ ਨਾਵੇਂ ਜਾਮੇ ਸਾਂਗ ਭਾਰੀ ਹੋਵੇਗਾ॥ ਸ਼ਲੋਕ॥ ਦਸਤ ਮੁਹਾਰਿ ਅਪਣੇ ਵਸ ਰਾਖੀ ਜਾਂ ਤੁਣਕੇ ਤਾਂ ਬੋਲੇ॥ ਭਰਮ ਭੀਤ ਕਉ ਸਭ ਜਗ ਛੋਦਿਆ ਆਪ

ਤਾਂ ਹੁਕਮ ਹੂਆ ਓਹ ਵੇਲਾ ਗੁਜ਼ਰ ਗਿਆ ਤਾਂ ਫੇਰ ਦੁਆਪਰ ਜੁਗ ਗੁਰੂ ਹਰੀ ॥ ਕਹੁ ਨਾਨਕ ਤਾਂ ਸਿੱਖ ਕਰੋੜੀ ਛੱਤ੍ਰੀ ਆਹਿ ਪੈਰੀਂ ਪਏ ਤਾਂ ਆਗਿਆ ਹੋਈ ਭਾਈ ਗੈਂਡਾ ਰਮਾਰਥ ਸ੍ਰੀ ਸਤ ਸਿੱਖ ਅਕੱਠੇ ਹੋਏ ਤੇ ਲਗੇ ਵਿਚਾਰਾ ਕਰਨ ਭਾਈ ਇਹ ਸਾਂਗ ਬੜਾ ਭਾਰੀ ਹੈ ਸੋ ਸਤਨਾਂ ਕੀ ਹੋਯਾ ਬੱਚਾ ਘਾਹ ਦਾਨਾ ਇਕੱਠਾ ਕਰੋ ਗੈਂਡਾ ਫੇਰ ਉਠੇਗਾ ਤਾਂ ਫੇਰ ਸਿੱਖਾਂ ਨ ਤਿਉਂ ਖੇਲੇਂਗਾ ਬੱਚਾ ਏਹ ਪਰਸਾਦਿ ਜੇਂਵਹੁ ਤਾ ਇੱਕੀਸ ਕਰੋੜੀ ਬਚਨ ਮੰਨਿਆਂ ਤੇ ਪੂੰਨ੍ਹਾਂ ਕਰੋਗਾ ਅਤੇ ਜਾਮੇ ਤਾਂ ਗੈਂਡਾ ਉਠ ਖੜਾ ਹੂਆ ਤਾਂ ਲਗੇ ਪੱਛੋਤਾਵਣੇ ਤਾਂ ਆਖਣ ਲਗੇ ਅਸੀ ਹੁਣ ਜੇਹੇ ਆਪ ਤਾਂ ਅੱਗੋਂ ਆਗਿਆ ਹੋਈ ਬੱਚਾ ਓਹ ਜੋ ਵੇਲਾ ਸੀ ਸੋ ਗੁਜ਼ਰ ਗਿਆ ਤਾਂ ਫੇਰ ਹੁਣਾਲਾ ਹੈ ਕੋਈ ਹੋਵੇਗਾ ਤਾਂ ਕਲਜੁਗ ਵਿੱਚ ਹੋਵੇਗਾ ਬੱਚਾ ਪਿਛਲੇ ਜੁਗਾਂ ਵਿੱਚ ਜਪ ਤਪ ਬਹੁਤ ਵਰਤਾ ਅਤੇ ਸੱਤਵਾਦੀ ਹੁੰਦੇ ਸਨ ਤੇ ਜੋ ਕੋਈ ਤੁਟਦਾ ਸਾ ਸੋ ਫੇਰ ਮਨੁੱਖਾ ਜਨਮ ਹੋਕਰ ਉਧਰਣਹਾਰ ਜੇ ਇਕ ਜੁਗ ਚੁਕਦਾ ਸੀ ਤਾਂ ਦੂਸਰੇ ਜੁਗ ਮਿਲ ਪਉਂਦਾ ਸੀ ਅਤੇ ਮੁਕਤਿ ਪਾਉਂਦਾ ਸੀ ਅਤੇ ਬੱਚਾ ਅਜਿੱਤਿਆ ਹੁਣ ਆਯਾ ਹੈ ਕਲਜੁਗ ਤੇ ਗੁਰੂ ਨਾਉ ਧਰਾਯਾ ਹੈ ਨਾਨਕ ਤੇ ਸਿੱਖ ਪੈਰੀਂ ਪਵਨਗੇ ਛਿਨਵੇਂ ਕਰੋੜੀ ਤੇ ਮਨੁੱਖ ਜੱਗ ਪਵੇ ਗਾ ਅਤੇ ਇਸ ਸਾਂਗ ਵਿਚ ਠਹਿਰ ਕੋਈ ਨਾ ਸਕੇਗਾ ਇਕ ਨਸ ਜਾਨਗੇ ਤੇ ਇਕ ਭ੍ਰਿਸ਼ਟਿ ਹੋ ਜਾਨਗੇ ਇਕ ਬਚਨ ਉੱਪਰ ਚਾਰ ਸਿੱਖ ਤਕੜੇ ਰਹਿਨਗੇ ਅਤੇ ਉਨਾਂ ਦਾ ਸਦਕਾ ਓਹ ਭੀ ਸਾਂਗ ਬਖ਼ਸ਼ਿਆ ਜਾਵੇਗਾ ਅਤੇ ਬੱਚਾ ਅਗਲਿਆਂ ਜੁਗਾਂ ਦੇ ਮਾਨੁੱਖ ਸੱਤਵਾਦੀ ਰਹਿੰਦੇ ਸਨ ਅਤੇ ਪ੍ਰਤੀਤ ਗੁਰਾਂ ਦੇ ਬਚਨਾਂ ਉੱਪਰ ਰੱਖਦੇ ਸਨ ਅਤੇ ਓਨਾਂ ਦੀ ਅਰਦਾਸ ਨਾਲ ਓਹ ਭੀ ਉਠ ਖੜਾ ਹੋਂਦਾ ਆਹਾ ਅਤੇ ਬੱਚਾ ਅਜਿੱਤਿਆ ਕਲਜੁਗ ਵਿੱਚ ਸਿੱਖ ਗੁਰਾਂ ਉਪਰ ਪ੍ਰਤੀਤ ਥੋੜੀ ਰੱਖਨਗੇ ਅਤੇ ਮਾਯਾ ਕਾਰਨ ਜਗਤ ਬਹੁਤ ਅਕੱਠਾ ਹੋਵੇਗਾ ਬੱਚਾ ਏਹ ਸੰਸਾਰ ਅਵੇਹਾ ਹੈ ਜੇ ਆਪਣਾ ਆਪ ਵਿਖਾਈਏ ਤਾਂ ਮਿੱਟੀ ਵੀ ਪੁੱਟਕੇ ਲੈ ਜਾਵਣ ਇਸ ਵਾਸਤੇ ਮਾਨੁੱਖ ਖੜਾ ਨਾ ਕੀਤੈਗਾ ਇਤ ਕਰਕੇ ਗੁਰੂ ਸੰਜਮ ਵਿੱਚ ਰਹੇਗਾ ਜਾਂ ਸਾਂਗ ਕਰੇਗਾ ਤਾਂ ਸਭ ਖਿੰਡ ਜਾਵੇਗੀ ਕੋਈ ਗੁਰਮੁਖ ਹੀ ਸਬੂਤ ਰਹੇਗਾ ਅਤੇ ਜੋ ਏਥੋਂ ਖਿਸਕੇ ਗਾ ਆਖਦਾ ਚੁਕੇਗਾ ਸੋ ਥਾਉਂ ਕਿਥਾਊਂ ਨਾ ਪਾਵੇਗਾ ਅਤੇ ਬਹੁਤ ਜੁਗ ਭਰਮੇਗਾ ਜੇਵਡ ਸਾਹਿਬ ਤੇਵਡ ਰਜ਼ਾਈ ॥ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਜੀ ਜਿਸਦੀ ਪ੍ਰਤੀਤ ਤੂੰ ਰੱਖੇਂਗਾ ਤਿਸੇਦੀ ਰਹੇਗੀ ਜੇਵਡ ਸਾਹਿਬ ਹੈ ਤਿਸ ਦੀਆਂ ਤੇਵਡ ਰਜ਼ਾਈਂ ਹੈਨ ॥ ਤਾਂ ਬੋਲਣਾ ਹੋਯਾ ॥ ਸ਼ਲੋਕ ॥ ਆਦਿ ਪੁਰਖ ਅਪਰੰਪਰ ਕਰਤਾ ਆਪੇ ਦਾਨਾ ਬੀਨਾ ॥ ਕਹਨ ਸੁਨਨ ਤੇ ਰਹੇ ਨਿਆਰਾ ਕਾਹੂੰ ਸੰਗ ਨ ਭੀਨਾ ॥ ਤਾਂਕੀ ਜਾਤ ਨ ਜਨਮ ਨ ਵਰਨ ਚਿਹਨ ਹੈ ਕਵਣ ਕਹ ਤੂੰ ਕਦਕਾ ॥ ਹਾਜਰ ਹਜੂਰ ਨਿਕਟ ਨ ਆਵੈ ਹਰਖ ਸੋਗ ਤੇ ਰਹਿਤਾ ॥ ਗਗਨ ਨਿਰੰਤਰਿ ਮਹਿਲ ਨਿਵਾਸੀ ਕੁੰਜ ਅਵਾਜਾ ਖੋਲੈ ॥ ਕਹੁ ਨਾਨਕ ਅਥਿ ਭਈ ਹੈਰਾਨੀ ਕੋਈ ਸਾਧੂ ਤੱਤ ਵਿਰੋਲੈ ॥ ੭ ॥ ਤਿਸਕਾ ਪ੍ਰਮਾਰਥ ਸ੍ਰੀ ਗੁਰੂ ਨਾਨਕ ਜੀ ਕਹਿਤੇ ਹੈਨ ॥ ਭਾਈ ਅਜਿੱਤਿਆ ਓਹ ਜੋ ਆਦਿ ਪੁਰਖ ਹੈ ਸੋ

ਨਾਹੀਂ ਸ਼ਬਦ ਕੀ ਬਾਤ ਸੱਚ ਹੈ ਸ਼ਬਦ ਕਰਕੇ ਪਾਈਐ ਸਹੀ ॥ ਸ਼ਲੋਕ ॥ਮਰ ਜਨਮੈ ਜੂਨ ਸੋ ਆਵੈ ਜੋ ਗੁਰ ਜਾਣੈ ਦੂਆ ॥ ਕਰਮ ਕਰਤੂਤ ਬੇਲ ਬਿਸਥਾਰੀ ਨਾ ਮਿਲਿਆ ਨਾਫਲ ਹੂਆ ॥ਮੁਖਆਗੁਰਕਾਕਹਿਆ ਜੋ ਮਾਨੈਸੋ ਸਿੱਖ ਭਰਮ ਭੁਲਾਨੇ ॥ ਬਦ ਨਿਰੰਤਰ ਜੋ ਜਨ ਖੋਜੈ ਸਾਚੈ ਸ਼ਬਦ ਸਮਾਨੇ ॥ ਉਡੇ ਬਿਹੰਗਮ ਚੀਟੀ ਕਾ ਪਗ ਹਸਤ ਊਪਰਅਸਵਾਰੀ ॥ ਜਾਂ ਕੇ ਕਰਮ ਧਰਮ ਨਹੀ ਮਾਯਾ ਮਾਖੀ ਕਹੁ ਨਾਨਕ ਆਠ ਪਹਿਰ ਲਿਵ ਤਾਰੀ॥ ੧੦ ॥

ਤਿਸਕਾ ਪਰਮਾਰਥ ॥ ਭਾਈ ਅਜਿੱਤਿਆ ਗੁਰੂ ਜਾਮਾ ਬਦਲੇਗਾ ਤਾਂ ਸੰਬੂਹ ਸਿੱਖ ਭੱਦਨ ਕਰਾਇਨਗੇ ਆਖਨਗੇ ਜੋ ਗੁਰੂ ਮੋਯਾ ਹੈ ਫਿਰ ਜੰਮੇਗਾ ਦੂਜਾ ਜੋ ਹੈ ਸੋ ਭਰਮ ਹੈ ਭਾਈ ਅਜਿੱਤਿਆ ਗੁਰੂ ਜੰਮਣ ਮਰਣ ਵਿੱਚ ਨਾਹੀਂ ਅਲਿਪਤ ਹੈ ਜੋਤੀ ਸਰੂਪਅਮਰਹੈਪਰਏ ਜੋ ਕਰਮ ਕਰਤੂਤ ਹੈ ਸੋ ਸੰਸਾਰ ਕੀਬੇਲ ਬਿਸਥਾਰੀ ਹੈ ਸੰਸਾਰਏਸ ਬੇਲ ਕੇਬੀਚ ਬਿਸਥਾਰਿਆ ਹੈ ਸੋ ਕੈਸੇ ਕਰਮ ਕਰਤੂਤ ਕੀ ਬੇਲ ਬਿਸਥਾਰੀ ਹੈ ਏਹ ਜੋ ਭਲੇ ਬੁਰੇ ਕਰਮ ਕਰਦਾ ਹੈ ਉਨੋਂ ਕਰਮੋਂ ਕਰ ਬਹੁ ਜੂਨੀ ਭਰਮਾਈ ਦਾਹੈ ਅਤੇ ਸਤ ਗੁਰੂ ਜੋ ਹੈ ਸੋਨਿਹਕਰਮੀ ਹੈਕਰਮ ਧਰਮ ਤੇ ਪਰੇ ਹੈ ਪਾਪ ਪੁੰਨ ਤੇ ਨਿਰਲੇਪ ਰਹਿੰਦਾਹੈਓਹ ਜੋ ਕਹਿਨਗੇ ਜੋਗੁਰ ਫੇਰ ਜੰਮੇਗਾ ਓਹ ਫੇਰ ਫੇਰ ਮਰਣ ਜੰਮਨਗੇ ਕਈ ਜੂਨ ਭਰਮ ਭਰਮੇਂਗੇ ਅਰ ਗੁਰੂ ਕੇ ਹਜ਼ੂਰ ਉਇ ਬੁਰੇ ਕਰਮ ਕਰਹਿਗੇ ਉਨਾਂ ਕਉ ਗੁਰੂ ਮਿਲਣ ਕਾ ਫਲ ਲਗੇ ਗਾ ਨਾਹੀਂ ਸਤਗੁਰੂ ਉਨਾਂ ਕੋ ਹੋਰ ਮੁਖ ਵਾਕ ਕਰ ਭਰਮਾਵੇਗਾ ਤਾਂ ਓਹ ਵਾਕ ਸੁਣ ਸੁਣ ਭਰਮਣ ਗੇ ਆਖਨਗੇ ਜੋ ਏਹ ਵਾਕ ਕੀਤੇ ਹੈਨ ਸਾਖੀਆਂ ਕਰ ਕਰ ਭਰਮਨਗੇ ਕੁਚਾਲ ਚੱਲਨਗੇ ਮੁਖਆਗਰ ਕੇ ਕਹੇ ਕਾ ਏਹ ਫਲ ਲੱਗੇਗਾ ਅਤੇ ਜੋ ਸ਼ਬਦ ਖੋਜੇਗਾ ਸੋ ਵਿਰਲਾ ਕੋਈ ਸਾਧੂ ਖੋਜੇਗਾ ਸੋ ਸੱਚ ਸਮਾਵੈਗਾ ਸਤਗੁਰੂ ਕਉ ਮਿਲੇਗਾ ਸੋ ਕਿਸ ਰਉਂਸ ਮਿਲੇਗਾ ਬੱਚਾ ਸਬਦ ਜੋ ਹੈ ਸੋ ਸਤਿ ਗੁਰੂ ਹੈ ਓਹ ਇਤ ਬਿਧ ਕਰਕੇ ਸਤਗੁਰੂ ਕਉ ਮਿਲਨਗੇ ਬਿਹੰਗਮ ਜੋ ਹੈ ਸੋ ਪਾਰਬ੍ਰਹਮ ਕੀ ਜੋਤ ਹੈ ਓਹ ਖਰੀ ਫੁਰਦੀ ਹੈ ਚੀਟੀ ਕਾਂ ਪਗ ਜੋਹੈ ਸੋ ਏਹ ਮਾਨੁੱਖਕਾ ਜਾਮਾ ਪਹਿਨਿਆ ਹੈ ਹਸਤੀ ਕੀ ਅਸਵਾਰੀ ਜੋ ਹੈ ਸੋ ਸ੍ਰੀ ਸਤਿਗੁਰੂ ਸਾਧ ਹੈ ਜੋ ਮਨੁੱਖ ਕਾ ਜਾਮਾ ਪਹਿਰਨਗੇ ਬਿਹੰਗਮ ਰੂਪ ਹੋਇ ਖੇਲੇਗਾ ਅਤੇ ਜਾਮੇ ਤੇ ਨਿਆਰਾ ਰਹੇਗਾ ਅਤੇ ਕਰਮ ਭੀ ਨਾ ਹੋਵੇਗਾ ਅਤੇ ਪਾਪ ਪੁੰਨ ਅਤੇ ਆਸ ਅੰਦੇਸ਼ੇ ਤੇ ਨਿਆਰਾ ਰਹੇਗਾ ਅਤੇ ਕਿਸੀ ਸਾਥ ਮਸਲਤ ਭੀ ਨਾ ਹੋਵੇਗੀ ਸਭ ਤੇ ਨਿਆਰਾਰਹੇਗਾ ਆਠਪਹਿਰ ਸ੍ਰੀ ਪਾਰਬ੍ਰਹਮ ਸਾਥ ਲਿਵਤਾਰੀ ਰਹੇਗੀ ਤਾਂ ਫੇਰ ਬੋਲਣਾ ਹੋਯਾ ਜੋ ਆਠ ਪਹਿਰ ਲਿਵ ਆਪਣੇ ਗੁਰੂ ਪਰਮੇਸ਼ਰ ਨਾਲ ਰੱਖੇਗਾ ਸ਼ਬਦ ਮਨ ਵਸਾਏਗਾ ਉਸ ਵਿੱਚ ਸਤਿਗੁਰੂ ਕਾਵਾਸਾਹੋਵੇਗਾ ਜਿਸ ਦੀ ਸ਼ਬਦ ਨਾਲਪ੍ਰੀਤ ਲਗੇਗੀ ਤਿਸ ਦੀ ਗੁਰੂ ਨਾਲ ਲਿਵ ਲਗੇਗੀ ਜੋ ਉਸਦੇ ਭਗਤ ਹੋਵਨਗੇ ਤਿਨਾ ਨੂੰ ਲਿਵ ਲਗੇਗੀ ਉਸ ਜਾਮੇਂ ਦਾ ਮੈਂ ਵਾਲੀ ਹਾਂ ਤਾਂਅਜਿਤੇਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਜੀ ਜਾਮਾ ਏਹੋ ਰਖੀਐਗਾ ਤਾਂ ਫੇਰ ਹੁਕਮ ਹੋਯਾ ਭਾਈ ਅਜਿੱਤਿਆ ਏਹ ਨਹੀਂ ॥

ਸਲੋਕ ॥ ਭਗ ਤੇ ਨਿਕਸਿਆ ਸੋ ਸਭ ਬਿਨਸੇ ਪਗ ਬੇੜੀ ਹੈ ਬੰਧ ॥ ਭਏ ਗੁਸਾਈਂ ਸਾਂਗ ਮੈਂ ਦੀਪਕ ਜਲੇ ਬਿਹੰਗ ॥ ਕੋਕਲਿ ਧਾ ਬਿਪਰੀਤ ਜਿਉ ਉਤਿ ਅਉਸਰਿ ਲਾਗੀ ਹੋਇ ॥ ਟੂਟੀ ਤੰਤ ਰਬਾਬ ਕੀ ਬਹੁੜ ਨ ਵਾਜਾ ਹੋਇ ॥ ਨਾਨਕ ਐਸੇ ਸਾਂਗ ਮੈਂ ਕਿਸੇ ਮਿਲਾਵਾ ਹੋਇ ॥ ੧੧ ॥ ਤਿਸਕਾ ਪਰਮਾਰਥ ਸ੍ਰੀ ਗੁਰੂਜੀ ਕਹਿਤੇ ਹੈਨ ॥ ਭਗ ਤੇ ਨਿਕਸਿਆ ਹੈ ਸੋ ਬਿਨਸਨਹਾਰਾ ਹੈ ਪਗ ਬੇੜੀ ਪਰ ਬਿਧਿ ਜੋ ਹੈ ਸੋ ਸੰਜੋਗ ਵਿਜੋਗ ਹੈ ਸੰਜੋਗ ਕਰਕੇ ਮੇਲ ਹੁੰਦਾ ਹੈ ਵਿਜੋਗ ਕਰਕੇ ਵਿਛੜੀਦਾ ਹੈ ਗੁਸਾਈਂ ਜੋ ਹੈ ਸੋ ਸਤਿਗੁਰੂ ਹੈ ਓਹ ਸਾਂਗ ਕਰ ਕਰ ਚੋਜ ਵੇਖਦਾ ਹੈ ਦੀਪਕ ਜੋ ਹੈ ਸੋ ਬਿਹੰਗਮ ਹੈ ਜੋਤਿ ਸਰੂਪੀ ਅਮਰ ਹੈ ਕੋਕਲ ਅੰਬ ਪਰੀਤ ਹੈ ਸੋ ਉਨਕੇ ਸਾਸ ਹੈਨ ਉਨਾ ਦੀ ਪਰੀਤ ਉਸ ਦੇ ਨਾਮ ਸੰਗ ਹੈ ਕੋਕਲ ਕੀ ਨਿਆਈਂ ਸਾਧ ਹੈ ਅਰ ਨਾਮ ਜੋ ਹੈ ਸੋ ਅੰਮ੍ਰਿਤ ਫਲ ਹੈ ਓਹ ਉਸ ਸਾਥ ਖੁਸ਼ੀ ਹੋਤੇ ਹੈਂ ਰੰਗ ਲਗਾਵਤੇ ਹੈਂ ਜਿਉਂ ਕੋਕਲ ਅੰਬਫਲ ਖਾਇਕੇ ਸੁਭਾਉ ਕਰਕੇ ਬੋਲਤੀ ਹੈ ਤਿਉਂ ਸਾਧ ਨਾਮ ਫਲ ਅੰਮ੍ਰਿਤ ਫਲ ਖਾਇ ਬਹੁਤੇ ਖੁਸ਼ ਹੋਤੇ ਹੈਂ ਇਵ ਕਰ ਸਤਿਗੁਰੂ ਰਹੇਗਾ ਅਰ ਜੀ ਟੂਟੀ ਤੰਤ ਰਬਾਬ ਕੀ ਏਹ ਕੀ ਹੈ ਜੋ ਕੋਈ ਉਸ ਕਉ ਮਿਲ ਕਰ ਫੇਰ ਤੁਟਦੇ ਹੈਨ ਓਹ ਫੇਰ ਨਾਹੀਂ ਮਿਲਦੇ ਜਿਉਂ ਤੰਤ ਰਬਾਬ ਕੀ ਤੁਟਦੀ ਹੈ ਫੇਰ ਵਜਦੀ ਨਾਹੀਂ ਤਿਉਂ ਵਿਚ ਗਿਰਾਹਾਂ ਪੈ ਜਾਇਗੀ ਐਸਾ ਵਖਤ ਆਵੇਗਾ ਜੋ ਸਤਿਗੁਰੂ ਕੀ ਨਿੰਦਿਆ ਸਭ ਸੰਸਾਰ ਕਰੇਗਾ ਅਤੇ ਸਭ ਭੁਲ ਜਾਨਗੇ ਅਤੇ ਨਰਕਗਾਮੀ ਹੋਵਨਗੇ ਅਤੇ ਮੇਰਾ ਇਕਨਾ ਨੋਂ ਸੰਸਾਰ ਵਿਚ ਦਰਸ਼ਨ ਪਰਾਪਤ ਹੋਵੇਗਾ ਪਰ ਜੋ ਨਿੰਦਾ ਤੇ ਰਹਿਤ ਹੈਂ ਕੈਸੇ ਹੋਵਨਗੇ ਓਹ ਕਹਿਨਗੇ ਜੋ ਗੁਰੂ ਕਰਦਾ ਹੈ ਸੋ ਭਲਾ ਹੀ ਕਰਦਾ ਹੈ ਜੋ ਭਾਵਸ ਸੋ ਕਰੇ ਓਹ ਬੁਰਾ ਭਲਾ ਕਿਸੇ ਕਉ ਕਹਿਨਗੇ ਨਾਹੀਂ ਓਹ ਸਿੱਖ ਮੇਲ ਲਈਅਨਗੇ ਤਾਂ ਫੇਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਜਾਂ ਸਭ ਭੁਲ ਜਾਵੇਗੀ ਤਾਂ ਬਡਾ ਕਲਜੁਗ ਆਵੇਗਾ ਤਾਂ ਇਨਾ ਜੀਆਂ ਕੇ ਬਾਬ ਕਿਆ ਹੋਵੇਗੀ ਤਾਂ ਫੇਰ ਅੱਗੋ ਬਾਬੇ ਦਾ ਬੋਲਣਾ ਹੋਯਾ ॥ ਸ਼ਲੋਕ ॥ ਬਾਦਿਰ ਧੂਅਰ ਪਉਣ ਨਿਵਾਸੀ ਨਿਜ ਪਉੜੀ ਨਿਜ ਬਾਉਂ ॥ ਨਾਵੈਂ ਮਹਲੇ ਨਾਨਕਾ ਚੁਗਲ ਅਪਾਰ ਕਾ ਨਾਉਂ ॥ ੧੨ ॥ ਤਿਸਕਾ ਪਰਾਮਟਥ ॥ ਭਾਈ ਅਜਿੱਤਿਆ ਇਹ ਦੁਨੀਆ ਹੈ ਸੋ ਬੱਦਲ ਧੂਏਂ ਦੇ ਹੈਨ ਜੋ ਦੇਖੋ ਦੇਖੀ ਹੋਵਨਗੇ ਅਰ ਦੇਖੋ ਦੇਖੀ ਫਟ ਜਾਵਣਗੇ ਜਿਉਂ ਧੂਏਂ ਕੇ ਬਾਦਰ ਪਉਣ ਲਾਗੇ ਨਾਹੀ ਠਹਿਰਤੇ ਉਡ ਜਾਤੇ ਹੈਂ ਉਨਾਂ ਕੀ ਨਿਆਈ ਜਾਂ ਉਸ ਸਮੇ ਗੁਰੂ ਸਾਂਗ ਕਰੇਗਾ ਤਾਂ ਸਭ ਦੁਨੀਆਂ ਖਿੰਡ ਜਾਵੇਗੀ ਜਿਉਂ ਪਉਣ ਚਲੇ ਬੱਦਲ ਖਿੰਡ ਜਾਂਦੇ ਹੈਨ ਅਰ ਬੁਰੇ ਕਰਮ ਜੋ ਹੈਨ ਸੋ ਤਿਨੀਂ ਜਾਈਂ ਟਿਕਨਗੇ ਜੋ ਬੇਮੁਖ ਨਿੰਦਕ ਹੋਵਨਗੇ ਪਰ ਅੰਤ ਪਛੋਤਾਵਨਗੇ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਿਸ਼ਾਹਜੀ ਕੁਛ ਫੇਰ ਭੀ ਬਖਸ਼ੀਅਨਗੇ ਕਿ ਨਾ ਤਾਂ ਫੇਰ ਗੁਰੂ ਜੀ ਦਾ ਬੋਲਣਾ ਹੋਯਾ ਬੱਚਾ ਅਜਿੱਤਿਆ ਇੰਦ੍ਰ ਜੋ ਹੈ ਸੋ ਸਤਿਗੁਰੂ ਹੈ ਤਿਸਦੇ ਸਿੱਖ ਸਭ ਸਾਧ ਦੇਵਤੇ ਹੈਨ ਓਹ ਨਿਰਤਕਾਰ ਕਰਦਾ ਹੈ ਤਾਂ ਆਪਣਾ ਲੈਂਦੇ ਹੈਨ ਹਾਣਤ ਕਿਸੇ ਦੀ ਕਰਣ ਨਾਹੀਂ ਦੇਤੇ ਸਭਸੇ ਕਾ ਭਲਾ ਚਾਹਤੇ

ਹੈਨ ਸਭਨਾਂ ਕੋ ਮਿਲਾਇ ਲੈਂਦੇ ਹੈਨ ਤਿਉਂ ਬੱਚਾ ਇਕ ਐਸੇ ਹੀ ਸਿੱਖ ਹੋਵਨਗੇ ਜੋਹਾਣਤ ਕਿਸੇ ਦੀ ਨਾ ਕਰਨਗੇ ਅਰ ਮਿਲੇ ਕਉ ਮੇਲ ਲੈਨਗੇ ਪਰ ਜਾਂ ਓਹ ਵਖਤ ਆਵੇਗਾ ਤਾਂ ਸਾਧ ਸਿੱਖ ਆਗੇ ਹੀ ਸਮਾਇ ਜਾਨਗੇ ਐਸੇ ਮਨੁਖ ਰਹਿਨਗੇ ਜੋ ਮਿਲੇ ਨੂੰ ਭੀ ਵਿਛੋੜਨਗੇ ਸੋ ਪੁਰਖ ਨਰਕਗਾਮੀ ਹੋਵਨਗੇ ਨਿਜ ਪੌੜੀ ਨਿਜ ਥਾਉਂ ਜੋ ਹੈ ਸੋ ਕੀ ਹੈ ਸੋ ਉਸਕਾ ਨਾਮਹੈ ਸ਼ਬਦ ਕਾ ਸੋ ਉਸ ਵਖਤ ਸ਼ਬਦ ਹੀ ਉਚਾਰੀਐਗਾ ਸਤਿਗੁਰੂ ਨਿਰਾਲਮ ਹੋਇ ਰਹੇਗਾ ਜਿਉਂ ਗਲਦਿਆ ਜਾਮਾ ਧੂੜਝਾੜ ਉਜਲਾ ਹੋਂਦਾਹੈ ਐਸਾ ਸੰਸਾਰਤੇ ਰਹੇਗਾ ਜੈਸਾ ਕਮਲ ਜਲਤੇ ਰਹਿਤ ਹੈ ਉਸਕੋ ਜਲ ਨਹੀਂ ਪੋਹਤਾ ਤੈਸੇ ਇਹ ਧੂਏਂ ਕੇ ਬਾਦਰ ਨਿਕਟ ਨਾ ਆਵਨਗੇ ਅਰ ਬੱਚਾ ਨਾਵਾਂ ਜਾਮਾਂ ਜੋ ਹੋਵੇਗਾ ਸੋ ਜਗ ਪਰਵਾਨ ਹੋਵੇਗਾ ਸਹੋ ਵਸਤੂ ਨਵੀਆਂ ਹੋਵਨਗੀਆਂ ਅਰ ਅਪਾਰ ਵਸਤ ਜੋ ਹੈ ਸੋਈ ਹੈ ਅਪਾਰ ਵਸਤ ਸ਼ਬਦ ਹੈ ਸੋ ਓਥੇ ਸ਼ਬਦ ਹੀ ਹੋਵੇਗਾ ਸੋ ਇਕ ਐਸੇ ਬੇਮੁਖ ਹੋਵਨਗੇ ਤਿਸਨੋਂ ਭੀ ਨਾਉਂ ਰੱਖਨਗੇ ਓਹ ਅਪਾਰ ਵਸਤ ਕਿਸੇ ਦੇ ਨਿੰਦਣੇ ਕੀ ਨਾਹੀਂ ਪਰ ਉਸਕੀ ਚੁਗਲੀ ਕਰਕੇ ਦੁਖ ਦੇਕ ਮਰਨਗੇ ਸਚਿਆਰਾਂ ਉੱਪਰ ਚੁਗਲੀ ਨਹੀਂ ਚਲਦੀ ਤਾਂ ਫੇਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਤੂੰ ਕੁਛ ਖਾਂਦਾ ਪੀਂਦਾ ਭੀ ਹੈਂ ਤਾਂ ਫੇਰ ਬਾਬੇ ਜੀ ਦਾ ਬੋਲਣਾ ਹੋਯਾ ਬੱਚਾ ਅਜਿੱਤਿਆ ਜਿੱਥੇ ਗੁਰੂ ਕਾ ਆਸਣ ਹੈ ਓਥੇ ਖਾਣਾਂ ਪੀਣਾ ਕੁਛ ਨਹੀਂ ॥ ਸ਼ਲੋਕ ॥ ਆਪੇ ਪੈਨ੍ਹੈ ਘਰਿ ਕਰੈ ਨਾ ਕਛੁ ਪੀਐ ਨਾ ਖਾਇ ॥ ਨੀਚਾ ਅੰਦਰ ਨੀਚ ਜਾਤ ਸਤਿਗੁਰੂ ਰਹੈ ਬਿਲਾਇ ॥ ਸਾਂਗੀ ਸਾਂਗ ਰਚਾਇਸੀ ਫੁਟੈ ਸਗਲ ਜਹਾਨ ॥ ਨਾਨਕ ਕੋਈ ਗੁਰਮੁਖ ਉੱਬਰੈ ਸਬਦਿ ਰਹੈ ਮਨ ਗਿਆਨ ॥ ੧੩ ॥ ਤਿਸਕਾ ਪ੍ਰਮਾਰਥ ਭ੍ਰਾਈ ਅਜਿੱਤਿਆ ਜਿੱਥੇ ਗੁਰੂ ਕਾ ਆਸਣ ਹੈ ਤਿਥੇ ਖਾਨ ਪੀਣ ਕੁਛ ਨਾਹੀਂ ਓਥੇ ਸੱਚੋ ਹੀ ਸੱਚ ਹੈ ਸੱਚ ਜੋ ਹੈ ਸੋ ਨਾਮ ਹੈ ਉਸ ਨਾਮ ਸੰਗ ਪਰਚਿਆ ਰਹੇ ਹੋਰ ਕਿਸੇ ਦਾ ਰੀਝਾਇਆ ਨਾਹੀਂ ਰੀਝਦਾ ਓਥੇ ਪਾਪ ਪਰਕਿਰਤ ਕਾਈ ਨਾਹੀਂ ਅਤੇ ਨੀਚਾਂ ਅੰਦਰ ਨੀਚ ਜਾਤ ਹੈ ਸੋ ਕੀ ਹੈ ਓਹ ਆਪਣਾਂ ਆਪ ਜਣਾਵੇਗਾ ਨਾਹੀਂ ਹਉਮੈ ਤੇ ਅਹੰਕਾਰ ਦੂਰ ਕਰੇਗਾ ਸੰਤੋਖ ਖਿਮਾ ਮਸਟ ਉਸਕੀ ਜਾਤ ਹੈ ਓਥੇ ਹੀ ਸਤਿਗੁਰੂ ਜੀ ਕਾ ਬਾਸਾ ਹੋਇਗਾ ਅਤੇ ਜਿਥੇ ਏਹ ਤ੍ਰੈ ਵਸਤੂ ਹੋਵਨਗੀਆਂ ਅਤੇ ਆਪ ਸੀਗਾਰ ਭੀ ਕਰਦਾ ਹੈ ਸਾਧਾਂ ਨਾਲ ਮਿਲਕਰ ਸਭ ਕੁਛ ਭੋਗਦਾ ਹੈ ਪਰ ਉਸਨੂੰ ਕੁਛ ਨਾਹੀਂ ਲਗਦਾ ਓਹ ਅਲਿਪਤ ਹੈ ਪਰ ਸਾਂਗ ਵਿਚ ਰਹੇਗਾ ਸਾਂਗ ਜੁਗ ਜੁਗ ਕਰਦਾ ਆਯਾ ਹੈ ਪਰ ਜੋ ਇਸ ਕਲਜੁਗ ਵਿਚ ਸਾਂਗ ਕਰੇਗਾ ਤਿਸਤੇ ਸਭ ਫਿੱਟ ਜਾਵੇਗੀ ਸੋ ਕਉਣ ਕੌਣ ਭੁਲਨਗੇ ਸਿੱਧ ਸਾਧਿਕ ਸਿਖ ਸਾਖੀ ਸਭ ਫਿੱਟ ਜਾਨਗੇ ਕੋਈ ਵਿਰਲਾ ਗੁਰਮੁਖ ਸਾਬਤ ਰਹੇਗਾ ਓਹ ਸਬਦ ਗੁਰੂ ਕਾ ਕਹੇਗਾ ਸਬਦ ਕਰਕੇ ਰਹੇਗਾ ਸ਼ਬਦ ਪੁਰ ਚੱਲੇਗਾ ਸ਼ਬਦ ਕਉ ਮੰਨੇਗਾ ਹੋਰ ਗੱਲਾਂ ਝੂਠ ਕਰ ਮੰਨੇਗਾ ਸੋਈ ਪੁਰਖ ਸਤਿਗੁਰੂ ਕਾ ਸਿੱਖ ਹੋਵਗਾ ਹੋਰ ਸਭ ਨਰਕਗਾਮੀ ਹੋਵਨਗੇ ਤਾਂ ਫੇਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਅਸਾ ਇਕ ਕੋਈ ਹੋਵੇਗਾ ਅਰ ਜੀ ਹੋਰਨਾਂ ਜੀਆਂ ਕੇ ਬਾਬਕੀ ਹੋਵੇਗਾ ਤਾਂ ਫੇਰ

ਬਾਬੇ ਜੀ ਕਾ ਬੋਲਣਾ ਹੋਯਾ ॥ ਸ਼ਲੋਕ ॥ ਲੱਖ ਕਰੋੜੀ ਜੀਵਤੇ ਕੌਨ ਨਰਕ ਭੁੰਚਾਈਐ ॥ ਲਾਗੇ ਅੰਕ ਕਾਸੀਓਂ ਬਹੁ ਪਚਾਈਐ ॥ ਹੁਕਮ ਹੋਯਾ ਧਰਮਰਾਇ ਕੋ ਕਾਢੋ ਨਰਕ ਨਿਵਾਸ ॥ ਇਨਾਂ ਜੀਆਂ ਸਤਿਗੁਰ ਨਹੀਂ ਭੇਟਿਆ ਕਰਹਿ ਬ੍ਰਹਮੇ ਕੀ ਆਸ ॥ ਤਾਂ ਕਉ ਲੇਖ ਲਿਖਾਈਐ ਏਹ ਦਾਣੇ ਪਾਨੀ ਕਾ ਜੀਉ ॥ ਮਾਯਾ ਮਮਤਾ ਮੋਹਣੀ ਤਾਂ ਸਿਉ ਲੱਗਾ ਜੀਉ ॥ ਨਾਨਕ ਆਸਣ ਪੂਰਿਆ ਫਿਰ ਨਰਕ ਸਿਧਾਸਨ ਜੀਉ ॥ ੧੪ ॥ ਤਿਸਕਾ ਪ੍ਰਮਾਰਥ ॥ ਸੁਣ ਭਾਈ ਅਜਿੱਤਿਆ ਛਿਨਵੇਂ ਕਰੋੜ ਜੋ ਜੀਵ ਥੇ ਤਿਨਾਂ ਸਤਿਗੁਰੂ ਕੋਇ ਨਾ ਜਾਣਿਆ ਸੀ ਬ੍ਰਹਮ ਬ੍ਰਹਮ ਜਪੰਦਿਆਂ ਸਾਰੀ ਉਮਰ ਗੁਜ਼ਰ ਗਈ ਕਹਿਣ ਜੋ ਹਮ ਭੀ ਬ੍ਰਹਮ ਹੈਂ ਗੁਰੂ ਭੀ ਬ੍ਰਹਮ ਹੈ ਅਰ ਸਤਿਗੁਰ ਸਿਉਂ ਵਾਦ ਕਰਦੇ ਸੇ ਜੋ ਅਸੀ ਵੱਡੇ ਹਾਂ ਅਸਾਡੇ ਪੰਥ ਜੇਹਾ ਹੋਰ ਕੋਈ ਨਾਹੀਂ ਉਨਾਂ ਦਾਵਾ ਬੰਧਾ ਸੀ ਓਹ ਮਾਰ ਖਿਦਾਰ ਕਰਨੇ ਹਾਰੇ ਖਉ ਕੀਤੇ ਕੁੰਭੀ ਨਰਕ ਮੇਂ ਸਭ ਪਾਏ ਉਨਾਂਨੂੰ ਕਿਲਲਾਂਦਿਆਂ ਸਤਿਜੁਗ ਬੀਤ ਗਯਾ ਫਿਰ ਤ੍ਰੇਤੇ ਜੁਗ ਗੁਰੂ ਜਨਕ ਬਿਦੇਹੀ ਦੀ ਆਗਿਆ ਸਾਥ ਨਰਕੋਂ ਨਿਕਲੇ ਸੋ ਕਿਉਂ ਕਰ ਨਰਕੋਂ ਨਿਕਸੇ ਥੇ ਜਾਂ ਸਤਿਗੁਰੂ ਕੇ ਜਾਮੇ ਕਾ ਪਉਣ ਉਨਾਂ ਨੂੰ ਲੱਗਾ ਸੀ ਤਾਂ ਓਹ ਪੁਰਖ ਨਰਕੋਂ ਬਾਹਰ ਨਿਕਲੇ ਸੇ ਭਾਵੇਂ ਉਨਾਂ ਵਾਦ ਕੀਤਾ ਸੀ ਪਰ ਭਾਈ ਅਜਿੱਤਿਆ ਗੁਰੂ ਨਿਰਵੈਰ ਹੈ ਵੈਰ ਕਿਸੀ ਨਾਲ ਨਹੀਂ ਰਖਤਾ ਤਾਂ ਫੇਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਓਹ ਕਿਉਂ ਕਰ ਪਉਣ ਲੱਗੀ ਸੀ ਤਾਂ ਫੇਰ ਗੁਰੂ ਜੀ ਕਾ ਬੋਲਣਾ ਹੋਯਾ ਜਾਂ ਗੁਰੂ ਜਨਕ ਜੀ ਸੱਚੇ ਖੰਡ ਕੌ ਚਲੇ ਹੈਨ ਤਾਂ ਹੁਕਮ ਕੀਤੋ ਨੇ ਨਾਲੇ ਗਣ ਗੰਧਰਬ ਬਹੁਤ ਭਗਤ ਥੇ ਪੁਹਪ ਬਿਬਾਣ ਉਠਾਈ ਜਾਂਦੇ ਸੇ ਤਾਂ ਉਨਾਂਨੂੰ ਹੁਕਮ ਕੀਤੋ ਨੇ ਜੋ ਅਸਾਨੂੰ ਨਰਕੋਂ ਕੇ ਜੀਵ ਹੈਨ ਸੋ ਜਾਇ ਵਿਖਾਲੋ ਤਾਂ ਉਨਾਂ ਭਗਤਾਂ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਤੁਸਾਂ ਨੂੰ ਨਰਕ ਸੁਰਗ ਨਾਲ ਕੀ ਕੰਮ ਹੈ ਤੁਸੀ ਸੱਚਖੰਡ ਕੋ ਚਲੋ ਤਾਂ ਫੇਰ ਹੁਕਮ ਕੀਤੋ ਨੇ ਅਸਾਂ ਤਾਂ ਏਹ ਤਮਾਸ਼ਾ ਦੇਖਕਰ ਚਲਣਾ ਹੈ ਤਾਂ ਗਣ ਹੁਕਮ ਮੰਨਕੇ ਲੈ ਚੱਲੇ ਤਾਂ ਅੱਗੋਂ ਪੁਕਾਰ ਆਂਵਦੀ ਸੀ ਨਰਕ ਦੇ ਜੀ ਬਹੁਤ ਕੁਰਲਾਂਵਦੇ ਹੈਸਨ ਪਰ ਜਿਉਂ ਗੁਰੂ ਜਨਕ ਕਾ ਬਿਬਾਣ ਨੇੜੇ ਆਯਾ ਤਾਂ ਓਹ ਜੀਅ ਸਭ ਚੁਪ ਕਰ ਗਏ ਅਰ ਧਰਮਰਾਇ ਆਸਣ ਛੋਡਕਰ ਭੰਨਾ ਤਾਂ ਓਹ ਚਿਤ ਗੁਪਤ ਭੀ ਨਾਲੇ ਭੰਨੇ ਤਾਂ ਫੇਰ ਗੁਰੂ ਜਨਕ ਜੀ ਓਹਨਾਂ ਨਰਕ ਕੇ ਜੀਆਂ ਸੇ ਪੁਛੇ ਤੁਸੀ ਜੋ ਕੁਰਲਾਂਵਦੇ ਸੇ ਸੋ ਹੁਣ ਕਿਉਂ ਕਰ ਸ਼ਾਂਤਿ ਆਈ ਤਾਂ ਓਹ ਨਰਕ ਕੇ ਜੀਵ ਬੋਲੇ ਜੋ ਜੀ ਤੇਰੇ ਜਾਮੇ ਕਾ ਜੋ ਸੀਤਲ ਪਉਣ ਲੱਗਾ ਹੈ ਤਾਂ ਅਸਾਨੂੰ ਸ਼ਾਂਤਿ ਆਈ ਹੈ ਤੇ ਤਪਤ ਬੁਝ ਗਈ ਹੈ ਅਰ ਜਮਦੂਤ ਜੋ ਅਸਾਨੂੰ ਮਾਰਦੇ ਸੇ ਸੋ ਸਭ ਨੱਸ ਗਏ ਹੈਂ ਤਾਂ ਹੁਕਮ ਹੋਯਾ ਜੋ ਇਨਾਂ ਕੋ ਬਾਹਰ ਕਾਢੋ ਤਾਂ ਸਤਿਗੁਰੂ ਸੱਜੇ ਪੈਰ ਕੇ ਅੰਗੂਠੇ ਨਾਲ ਛਿਨਵੇਂ ਕਰੋੜੀ ਅਤੇ ਬੀਸ ਲੱਖ ਜੀਵ ਨਰਕ ਵਿੱਚੋਂ ਕਾਢੇ ਸਨ ਤਾਂ ਧਰਮਰਾਇ ਨਿਰੰਜਨ ਨਿਰੰਕਾਰ ਜੀ ਅਗੇ ਜਾਇ ਪੁਕਾਰਿਆ ਜੋ ਜੀ ਇਕ ਮਹਾਂਪੁਰਖ ਆਯਾ ਹੈ ਜਿਸਕੋ ਜਨਕ ਬਿਦੇਹੀ ਕਹਿਤੇ ਹੈਂ ਉਸਨੇ ਜੋ ਨਰਕ ਕੇ ਜੀਵ ਹੈਨ ਸੋ ਸਭ ਨਰਕੋਂ ਬਾਹਰ ਕੱਢ ਬਹਾਏ ਹੈਨ ਜਿਉਂ ਤੁਮਾਰੀ ਆਗਿਆ ਹੋਵੇ ਤਾਂ ਫੇਰ ਸੱਚਾ ਨਿਰੰਕਾਰ

ਜੀ ਬੋਲਿਆ ਹੇ ਧਰਮਰਾਇ ਉਸ ਮਹਾਂ ਪੁਰਖ ਕੋ ਕੁਛ ਨਹੀਂ ਕਹਿਣਾ ਜੋ ਓਹ ਚਾਹੇ ਤਾਂ ਨਰਕ ਹੀ ਦੂਰ ਕਰ ਦੇਵੇ ਪਰ ਉਸਕੋ ਰਾਜ਼ੀ ਰਖਣਾਹੈਤਾਂਧਰਮਰਾਇਹਾਥਜੋੜਕੇ ਅਰਦਾਸ ਕੀਤੀ ਜੀ ਫੇਰ ਸ੍ਰਿਸ਼ਟਕਾ ਬੰਧੇਜ ਕਿਉਂਕਰ ਚਲੇਗਾ ਤਾਂ ਫੇਰ ਨਿਰੰਕਾਰਕੀਆਗਿਆ ਹੋਈ ਜੋ ਹੇ ਧਰਮਰਾਇ ਤੂੰ ਉਸੀ ਭਗਤ ਪਾਸ ਜਾਇ ਜਿਉਂ ਕਰ ਰਾਜ਼ੀ ਹੋਵੇ ਤਿਵੇਂ ਕਰਨਾ ਤਾਂ ਧਰਮਰਾਇ ਸ੍ਰੀ ਸਤਗੁਰੂ ਆਗੇਆਇ ਹੱਥ ਜੋੜਕੇ ਖੜ੍ਹਾਹੋਯਾ ਅਤੇ ਅਰਦਾਸ ਕੀਤੀਉਸੁ ਜੋ ਜੀ ਮਿਹਰਵਾਨ ਏਨਾਂ ਜੀਆਂ ਬਡੇ ਅਨਗਿਣਤ ਹੀ ਪਾਪਕੀਤੇਹੈਨ ਤਾਂ ਉਸਵਖਤਸਤਗੁਰੂ ਨਿਰੰਕਾਰ ਨਾਲ ਧਿਆਨ ਧਰਕੇ ਤਪੱਸਿਆ ਕੀਤੀ ਹੈਸੀ ਜਾਂ ਤਾੜੀ ਗੁਰੂ ਜੀ ਮਹਾਰਾਜ ਨੇ ਖੋਲ੍ਹੀ ਤਾਂ ਧਰਮਰਾਇ ਜੋਗ ਆਖਿਓ। ਹੇ ਧਰਮਰਾਇ ਏਹ ਤਪੱਸਿਆ ਸਵਾਘੜੀਕੀਜੀਆਂ ਕੋ ਮੁਜਰੇ ਦੀਜੈ ਪਾਪਾਂ ਕੇ ਬਦਲੇ ਇਨਾਂਕੀ ਖਲਾਸੀ ਕੀਜੈ ਤਾਂ ਧਰਮਰਾਇ ਤਮਾਉ ਕੀਤਾ ਤੁਪੱਸਿਆ ਏਕ ਧਾਰਨ ਮੰਡੀ ਜੀਆਂ ਕੇ ਪਾਪ ਏਕਧਾਰਨਮੰਡੇਤਾਂ ਤਪੱਸਿਆਭਾਰੀਹੋਈਜੀਆਂ ਕੇ ਪਾਪ ਹੋਲੇਹੋਏ ਨਾਮਕੀ ਮਹਿਮਾ ਜੋ ਹੈ ਸੋ ਅਗਮ ਹੈ ਫੇਰ ਜੀਆਂ ਕਉਂ ਸੁਰਗ ਮਹਿ ਪਾਯਾ ਤਾਂ ਓਥੇ ਭੁੱਖ ਨਾਲ ਲਗੇ ਕੁਰਲਾਵਣ ਤਾਂ ਫੇਰ ਗੁਰੂਬਾਬੇਜੀ ਪੁਛਿਆਜੀਓਨਾਂਜੀਆਂ ਕਾ ਹੁਣ ਕੀ ਹਵਾਲ ਹੈ ਤਾਂ ਅੱਗੋਂ ਧਰਮਰਾਇ ਕਹਿਆ ਜੀ ਨਾ ਓਹਸੁਰਗ ਹੈਨਨਾ ਨਰਕ ਹੈਨ ਓਹ ਅਧਬੀਚ ਹੀ ਸਹਿਕਦੇ ਹੈਨ ਅੱਗੇ ਇਨਾਂ ਕੁਛਨਹੀਂ ਬੀਜਿਆ ਜੋ ਏਥੇ ਏਨਾਨੂੰ ਮਿਲੇ ਤਾਂ ਸਤਿਗੁਰੂ ਨਿਰੰਕਾਰ ਕਉਂਜਾਇ ਕਹਿਆ ਤਾਂ ਸੱਚੇ ਨਿਰੰਕਾਰਜੀਕਹਿਆਜੋਜੀਏਹ ਜੀਵ ਤੇਰੇ ਹਵਾਲੇ ਹੈਂ ਇਨਾਂ ਕੋ ਮਿਰਤ ਮੰਡਲ ਲੈ ਜਾਵਹੁ ਇਨਾਂ ਕੋ ਨਾਮ ਦਾਨ ਇਸ਼ਨਾਨ ਦ੍ਰਿੜਾਵਹੁ ਤਾਂ ਇਨਾਂਜੀਆਂਕਾ ਉਧਾਰ ਹੋਵੇਤਾਂਫੇਰਸਤਿਗੁਰੂ ਅਰਦਾਸ ਕੀਤੀ ਜੀ ਏਹ ਦਾਣੇ ਪਾਣੀ ਕੇ ਜੀਅ ਹੈਨ ਇਨਾਂ ਕਾ ਰਿਜ਼ਕ ਭੀ ਲਿਖਿਆ ਮਿਲੇਜੋਇਨਾਂਦਾਖਰਚਹੈਤਾਂਫੇਰਸੱਚੇ ਨਿਰੰਕਾਰ ਕਹਿਆ ਹੇ ਜਨਕ ਇਨਾਂਕਾ ਰਿਜ਼ਕਭੀਤੇਰੇ ਹਵਾਲੇ ਹੈ ਤਾਂਫੇਰ ਸ੍ਰੀ ਸਤਿਗੁਰੂ ਜੀ ਅਰਦਾਸ ਕੀਤੀ ਜੀ ਗਰੀਬਨਿਵਾਜ਼ ਤੇਰੀ ਕੋਠੜੀ ਵਿੱਚ ਸਭ ਕੁਛ ਹੈ ਤਾਂ ਨਿਰੰਕਾਰ ਜੀ ਕੀ ਆਗਿਆ ਹੋਈ ਜੋਤੂੰ ਜਾਹ ਤੂੰ ਮੇਰਾ ਸਿੱਖ ਹੋਯਾ ਏਹਸਭਜੀਅਤੇਰੇਸਿੱਖਹੂਏਤਾਂਨਿਰੰਕਾਰਕੀ ਥਾਪੀ ਲੈਕਰ ਇਸ ਸੰਜੋਗ ਸਤਿਗੁਰੂ ਜਾਮਾ ਪਹਿਨਿਆ ਇਸਵਾਸਤੇ ਜਗਤ ਮੇਂ ਆਯਾ ਪਰ ਬੱਚਾ ਅਜਿੱਤਿਆ ਜਿਸਦੇ ਪੂਰੇ ਭਾਗ ਹੋਨਗੇ ਸੋ ਪੁਰਖ ਸੁਧਰਨਗੇ ਹੋਰਮਾਯਾ ਮਮਤਾਕੇ ਲੋਕ ਹੈਨ ਜਿਤਨੇ ਤਾਈਂ ਮੇਰਾਜਾਮਾ ਰਹੇਗਾ ਦਸਾਂ ਮਹਲਾਂ ਤਾਈਂ ਗੁਰੂ ਜਾਮਾ ਹਾਜ਼ਰ ਰੱਖੇਗਾ ਤੂੰ ਜਾਮੇ ਤਾਂ ਮੇਰਾ ਹੀ ਸਰੂਪ ਹੈ ਅਰ ਸੱਤ ਜਾਮੇ ਪਿੱਛੇ ਮੇਰੀਹੀ ਜੋਤਹੋਵੇਗੀ ਪਿੱਛੇ ਧੁੰਧੂਕਾਰ ਪੈ ਜਾਵੇਗਾ ਆਪੋ ਆਪਣੇ ਮਤ ਚਲਨਗੇ ਗੁਰੂ ਇੱਕੋ ਹੋਵੇਗਾ ਮਤ ਬਹੁਤੇ ਹੋਇਜਾਵਣਗੇ ਅਰ ਮਤਿ ਮਤੀਕੀ ਨਿੰਦਿਆ ਕਰੇਗਾ ਵਰਜਨ ਹਾਰਾ ਕੋਈ ਨ ਹੋਵੇਗਾਕੋਈਇਕਅੱਧ ਸਮਦਰਸੀ ਸਤਿਗੁਰੂਕਾ ਸਿੱਖਹੋਵੇਗਾ ਨਹੀਂਤਾਂ ਹੋਰ ਸਭ ਸਿੱਖ ਸਿੱਖਾਂ ਹੀ ਕੀ ਨਿੰਦਿਆ ਕਰਨਗੇਅਤੇ ਦੋ ਮੁਖ ਹੋਵਣਗੇਸੋ ਫੇਰ ਨਰਕ ਗਾਮੀ ਕਰੀਅਨਗੇ ਜੋਸਤਿਗੁਰੂਕੇ ਸਬਦ ਕਉਂ ਨਾਜਾਨਣਗੇ

ਸੋ ਨਿਰਾਸ ਹੋਵਨਗੇ ਓਹ ਬਿਧਿ ਇਨਾਂ ਜੀਆਂ ਦੇ ਸਿਰ ਉਲਵਦੀ ਨਾਹੀਂ ਆਗੇਸਤਗੁਰੂਜੋ ਭਾਵੇ ਸੋ ਹੋਇ ॥ ਸ਼ਲੋਕ ॥ ਭਗਤਾਂ ਕੋ ਆਗਿਆ ਭਈ ਲਾਹਾ ਲੈਹ ਅਮੋਲ ॥ ਆਏ ਜਗ ਮਹਿ ਸਾਧਜਨ ਨਾਮ ਅਜਾਚੀ ਤੋਲ ॥ ਦੀਵਾ ਸ਼ਬਦ ਜਲਾਇਆ ਖਰ ਪੇਖਰ ਪੈਬੰਦ ॥ ਸ਼ਬਦ ਗੁਰੂ ਤੇ ਵੀਛੜੇ ਕੂੜ ਕਮਾਵਹਿ ਅੰਧ ॥ ਕਾਮਕਸਉਟੀਹੱਥਕਰੀਸੰਗ ਤਿਰੀਆ ਸੋ ਮੋਹ ॥ ਨਾਨਕ ਕੂਕ ਸੁਣਾਇਅਨ ਮਿਲਿਆ ਪ੍ਰਭ ਸੋਇ ॥ ੧ ਤਿਸਕਾ ਪਰਮਾਰਥ

ਬੱਚਾ ਅਜਿੱਤਿਆ ਭਗਤਾਂ ਨੂੰ ਆਗਿਆ ਹੈ ਜੇ ਤੁਸੀ ਜਗ ਮਹਿ ਜਾਵਹੁਤੁਸੀਂ ਜਾਇਕੇ ਮੇਰਾ ਨਾਮ ਦ੍ਰਿੜ੍ਹਾਵਹੁ ਜਗ ਜੋ ਹੈ ਸੋ ਅੰਧ ਗੁਬਾਰਹੈ ਮਾਯਾ ਕਾ ਅੰਧ ਹੈ ਜਾਇ ਕਰਸ਼ਬਦ ਕਾ ਦੀਵਾ ਜਗਾਈਓ ਜੋ ਤਿਮਰ ਅੰਧੇਰਾ ਮਿਟ ਜਾਵੇ ਰੁਸ਼ਨਾਈ ਹੋਵੇ ਅਰ ਅਮੋਲ ਵਸਤ ਜੋ ਹੈਸੁ ਨਾਮ ਹੈ ਅਰ ਅਤੋਲ ਹੈਸੋ ਜਾਇਕੇ ਆਪ ਭੀ ਜਪੋ ਤੇ ਸੰਸਾਰ ਕੋ ਭੀ ਦ੍ਰਿੜ੍ਹਾਵਹੁ ਤਾਂ ਸੰਸਾਰ ਕੀ ਭੀ ਗਤਿ ਹੋਵੇ ਸ੍ਰੀ ਪਾਰਬ੍ਰਹਮ ਕੀ ਆਗਿਆ ਸਾਥ ਸੰਸਾਰ ਵਿਖੇ ਆਇ ਜਨਮ ਲਿਓਨੇ ਉਨਾਂ ਕੌ ਏਹਾ ਮਿਲਿਆ ਨਾਮ ਦਾਨ ਇਸ਼ਨਾਨ ਗਿਆਨ ਭਾਉ ਭਗਤ ਧਰਮ ਦਯਾਜਤਸਤ ਸੰਤੋਖ ਖਿਮਾ ਗਰੀਬੀ ਸੀਲ ਸੰਜਮ ਸੇਵਾ ਟਹਿਲ ਏਹ ਵਸਤੂ ਓਨਾਂ ਭਗਤਾਂ ਨੂੰ ਮਿਲੀਆਂ ਸੋ ਲੈਕੇ ਜਗ ਵਿੱਚ ਆਏ ਸਤਗੁਰੂ ਆਪ ਸਦਾਏ ਤਿਨਾਂ ਨਾਲ ਸਤਗੁਰੂ ਕਾ ਥਾਸਾ ਹੋਯਾ ਜੋਕੋਈਓਨਾਂ ਨਾਲ ਮਿਲੇਗਾ ਸੋ ਸਤਗੁਰੂ ਕਉ ਪਾਵੇਗਾ ਅਰ ਜੋ ਕੋਈ ਓਨਾਂ ਕਾਕਹਿਆ ਨ ਕਰੇਗਾਤਿਨਾਂ ਕੋ ਸਤਗੁਰੂ ਨ ਮਿਲੇਗਾ ਓਹਅੱਗੇ ਬੰਨ ਬਹਾਲੀਐਂਗੇਦੁਖਪਾਵੇਂਗੇ ਉਨਕਉ ਸ਼ਬਦ ਭੀ ਨ ਲਗੇਗਾ ਅਰ ਜੇ ਕਛੁ ਥੋੜਾ ਬਹੁਤਾ ਕਮਾਵਨਗੇ ਸੋ ਭੀ ਨਿਹਫਲ ਜਾਵੇਗਾ ਤਿਨ ਕਉ ਸ਼ਬਦ ਭੁੱਲ ਜਾਵੇਗਾ ਸੇਵਾ ਥਾਇ ਨ ਪਵੇਗੀ ਓਹ ਕੂੜ ਕਪਟ ਕਮਾਵਨਗੇ ਅਰ ਇਸਤ੍ਰੀਆਂ ਸੋ ਮੋਹ ਲਗਾਵਨ ਗੇ ਕਾਮਕਮਾਵਨਗੇ ਜੋ ਗੱਲਾਂ ਮਨਹ ਕੀਤੀਆਂ ਹੈਨ ਸੋਈ ਕਮਾਵਨਗੇ ਤਿਨਾਂ ਪੁਰਖਾਂ ਕੋ ਸਤਿਗੁਰੂ ਕਾ ਮੇਲਾ ਹੋਵੇਗਾ ਨਾਹੀਂ ਓਹ ਨਿਰਾਸ ਹੀ ਜਾਵਨਗੇ ਮਨੁੱਖ ਜਨਮ ਨੂੰ ਪਾਇਕੇ ਜਿਉਂ ਕੋਈ ਪਰਦੇਸ ਵਿਚ ਧਨ ਖਟਦਾ ਹੈ ਅਤੇ ਬਦ ਮਾਮਲੀ ਕਰਕੇ ਖੋਵਦਾ ਹੈ ਤਿਉਂ ਉਨਾਂ ਦੀ ਸੇਵਾ ਭਾਉ ਖੋਈ ਜਾਇਗੀਆਸਾ ਓਨਾਂ ਦੀ ਪੂਰੀ ਨ ਹੋਗਸੇ ਜੀਅ ਨਿਰਾਸ ਜਾਂਹਿਗੇ ਫੇਰ ਨਰਕ ਹੀ ਪਾਈਅਨਗੇ ॥ ਕਹੁ ਨਾਨਕ ਆਸਾ ਨ ਪੂਰੀਆਫਿਰ ਨਰਕ ਸਿਧਾਰੇ ਜੀਅ ॥ ਤਾਂ ਫੇਰਅਜਿੱਤੇ ਰੰਧਾਵੇ ਅਰਦਾਸਕੀਤੀਜੀਸੱਚੇ ਪਾਤਸ਼ਾਹਛਿਨਵੇਂਕਰੋੜੀਬੀਜਜਿਥੋਂ ਕੱਢਿਆ ਫੇਰ ਤਿਥਾਉਂ ਪਾਧਾ ਤਾਂ ਸੱਚੇ ਪਾਤਸ਼ਾਹ ਜੋ ਤੇਰੇਸ਼ਬਦ ਸਾਖੀ ਲਿਖਦੇਪੜਦੇਸੇ ਪਰ ਜੀ ਆਪ ਏਹ ਕਹੋ ਲਿਖੇ ਪੜੇ ਕਾ ਇਨਾਂਕੌ ਕੁਛਫਲ ਹੱਥ ਆਵੇਗਾ ਕਿ ਨਾਹੀਂ ਤਾਂ ਫੇਰ ਬਾਬੇ ਜੀ ਕਾ ਬੋਲਣਾ ਹੋਯਾ ॥ ਸ਼ਲੋਕ ॥ ਹੈ ਬਿਬੇਕ ਏਹ ਨਾਹੀਂ ਦੀਸੈ ਕਪਟ ਭਗਤ ॥ ਰਾਗ ਪਾਇ ਰਾਗਨੀ ਗਾਵੇ ਕਿਸੇ ਨ ਆਵੇ ਗੁਰ ਕੀ ਮੱਤ ॥ ਸਰਪਾਹੁ ਅੰਤਰ ਲੈ ਧਾਰੇ ਜੀਵਨਕੀ ਏਹ ਗਤਿ ॥ ਕਹੁ ਨਾਨਕ ਪ੍ਰਭ ਅਗਮ ਅਗੋਚਰਕਉਣਜੁਗਤਤਾਕੀਹੋਇ ਭਗਤ ॥ ੧੬ ॥ ਤਿਸਕਾ ਪਰਮਾਰਥ ॥ ਤਾਂ ਸੁਣ ਭਾਈ ਅਜਿੱਤਿਆ ਕਲਜੁਗਵਿੱਚ ਧਰਮਛੀਨਹੋਏਗਾ ਧਰਮ

ਹੋਵਣਾ ਨਾ ਪਾਵੇਗਾ ਅਤੇ ਭਗਤਿ ਜੋ ਕੋਈ ਕਰੇਗਾ ਸੋ ਕਪਟ ਕੀ ਕਰੇਗਾ ਸੋ ਆਪਣੀ ਪ੍ਰਾਲਬਧ
ਦੇ ਵਾਸਤੇ ਕਰੇਗਾ ਜੋ ਹਉਂ ਵਡਾ ਕਹਾਵਾਂ ਸੰਸਾਰ ਸਭ ਮੰਨੇ ਅਰ ਰਾਗ ਜੋ ਹੈ ਸੋ ਸ਼ਬਦ ਹੈ ਅਰ
ਰਾਗਨੀ ਜੋ ਹੈ ਸੋ ਰੁਜਗਾਰ ਹੈ ਓਹ ਆਪਣੇ ਰੁਜਗਾਰ ਕੇ ਵਾਸਤੇ ਗਾਵਨ ਪੜ੍ਹਨਗੇ ਜਿਥੇ ਕੁਛ
ਹੱਥ ਆਵੇਗਾ ਤਿਥੇ ਹੀ ਸੁਣਾਵਣਗੇ ਅਤੇ ਖਾਵਣ ਪੀਵਣ ਕੇ ਮੇਲੇ ਹੋਵਨਗੇ ਗੁਰੂ ਕਾ ਅਰਥ
ਕੋਈ ਵਿਰਲਾ ਹੀ ਜਾਣੇਗਾ ਸੰਸਾਰ ਸੱਭੋ ਸੁਆਦੋ ਹੀ ਲਗ ਜਾਵੇਗਾ ਅਰ ਸ਼ਬਦ ਕੋਈ
ਵਿਰਲਾ ਹੀ ਖੋਜੇਗਾ ਅਰ ਸਤਗੁਰੂ ਕੀ ਮਤ ਖਰੀ ਉਚੀ ਹੈ ਸੋ ਕੋਟਾਂ ਮੱਧੇ ਹੋਵੇਗੀ ਸੋ ਮਤ ਕੇਹੀ
ਹੈ ਨਾਮ ਦਾਨ ਇਸ਼ਨਾਨ ਸਤ ਸੰਤੋਖ ਸੀਲ ਸੰਜਮ ਜਪ ਤਪ ਦਯਾ ਧਰਮ ਭਾਉ ਭਗਤਿ ਗ਼ਰੀਬੀ
ਟਹਿਲ ਏਹ ਸਭ ਗੁਰੂ ਕੀ ਮੱਤ ਹੈ ਕਾਮ ਕਰੋਧ ਅਹੰਕਾਰ ਲੋਭ ਧ੍ਰੋਹ ਮੋਹ ਪਰ ਨਿੰਦਾ ਕਬੁੱਧ
ਹਿੰਸਾ ਤ੍ਰਿਸ਼ਨਾ ਏਹ ਛੱਡਣੀਆਂ ਹੈਨ ਅਤੇ ਜੋ ਕੋਈ ਸਿੱਖ ਮੰਤ ਗੁਰੂ ਕਾ ਨਾਉਂ ਧਰੀਕ ਹੈ ਸਭ
ਕੀ ਟਹਿਲ ਕਰਨੀ ਜੇ ਕੋਈ ਏਹ ਹੁਕਮ ਮੰਨੇ ਕਮਾਵੇ ਦਰਸ਼ਨ ਲੱਗੇ ਸ਼ਬਦ ਮਨ ਵਸਾਏ ਤਾਂ
ਤਿਸ ਕੋ ਪਾਹੁ ਲਾਗਦਾ ਹੈ ਓਹ ਬੁਰਿਆਂ ਕਰਮਾਂ ਤੇ ਸ਼ਰਮਿੰਦਾ ਹੈ ਜਾਂ ਬੁਰਿਆਂ ਕਰਮਾਂ ਤੇ
ਸ਼ਰਮਾਯਾ ਅਰ ਗੁਰਾਂ ਕੇ ਉਪਦੇਸ਼ ਤੇ ਚਲਿਆ ਤਾਂ ਇਸ ਮਨੁੱਖ ਕਉ ਰੰਗ ਲਗਦਾ ਹੈ ਓਹ
ਜੀਂਵਦਿਆਂ ਹੀ ਗਤਿ ਕਉ ਪ੍ਰਾਪਤ ਹੋਯਾ ਅਰ ਜੇ ਕਮਾਵੇ ਕੁਛ ਨਹੀਂ ਤਾਂ ਕਿਉਂਕਰ ਪਹੁਚੇ
ਇਸਕੀ ਜਾਂ ਜੁਗਤ ਭੁਗਤ ਹੋਵ ਨਾਹੀਂ ਤਾਂ ਕਿਜੋਂਕਰ ਮਲਾਵਾ ਹੋਵੇ ॥ ਕਹੁ ਨਾਨਕ ਪ੍ਰਭ ਅਗਮ
ਅਗੋਚਰ ਕਉਣ ਜੁਗਤ ਤਾਂ ਕੀ ਹੋਇ ਭਗਤਿ॥ ਤਾਂ ਫੇਰ ਸਤਗੁਰੂ ਜੀ ਕਾ ਬੋਲਣਾ ਹੋਯਾ ਸੁਣ
ਭਾਈ ਅਜਿੱਤਿਆ ਐਸਾ ਵਕਤ ਆਵੇਗਾ ਜੋ ਘਰ ਘਰ ਮੰਜੀਆਂ ਪਾਇ ਬਹਿਨਗੇ ਅਰ ਗੁਰੂ
ਸਦਾਇਨਗੇ ਤਾਂ ਉਨਾਂ ਦੇ ਪਿੱਛੇ ਸੰਸਾਰ ਲਗ ਜਾਵੇਗਾ ਤਾਂ ਉਨਾਂ ਮੰਜੀਆਂ ਦੇ ਬਾਬ ਏਹ ਹੋਵੇਗਾ
ਸ਼ਲੋਕ॥ ਪਦ ਨਿਰਬਾਣ ਰਹੈ ਬਿਹੰਗਮ ਦੇਖ ਦੇਖ ਬਿਸਮਾਈ ॥ ਬਾਂਧੇ ਮੋਹ ਮਾਯਾ ਕੇ ਬੰਧਨ
ਬਹੁ ਲਾਗੇ ਗੁਰੂ ਰਹਾਈ ॥ ਚਕਨਾਚੂਰ ਕਰੈ ਗੁਰੁ ਪੂਰਾ ਤਾਂਕਾ ਲੇਖ ਨ ਮਿਟਿਆ ਜਾਈ ॥
ਮੁਸਲਮਾਨ ਸਿਫ਼ਤ ਸ਼ਰੀਅਤ ਸਾਚੇ ਕੀ ਵਡਿਆਈ ॥ ਕਹੁ ਨਾਨਕ ਧੁੰਧੂਕਾਰ ਵਰੱਤੇ ਅਲਹੁ
ਅਗਮ ਖੁਦਾਈ ॥ ੨੭ ॥ ਤਿਸਕਾ ਪਰਮਾਰਥ ॥ ਪਦ ਗੁਰੂ ਹੈ ਬਿਹੰਗਮ ਪਰਮੇਸ਼ਰ
ਕਾ ਰੂਪ ਹੈ ਏਹ ਜੁਗਤ ਗੁਰੂ ਦੇਖ ਬਿਗਸੈਗਾ ਅਰ ਨਿਰਬਾਣ ਜੋ ਹੈ ਸੋ ਨਿਰਲੇਪ ਹੈ ਜਜੋਂ
ਮੁਰਗਾਬੀ ਦੇ ਪਰ ਨਾਹੀਂ ਭਿਜਦੇ ਤਿਉਂ ਉਹ ਮਾਯਾ ਮੋਹ ਤੇ ਨਿਰਬਾਣ ਰਹੇਗਾ ਮਾਯਾ ਮੋਹ ਕੀ
ਹੈ ਗ੍ਰਸਤ ਕੁਟੰਬ ਦੁਨੀਆ ਕਾ ਜੋ ਬਿਉਹਾਰ ਤਿਸ ਸਾਥ ਮੋਹ ਨ ਲਗਾਵੇਗਾ ਤਾਂ ਸ੍ਰੀ ਪਾਰਬ੍ਰਹਮ
ਕੇ ਜਸ ਸਿਉਂ ਰਚੇਗਾ ਬਾਧੇ ਮੋਹ ਮਾਯਾ ਕੇ ਫਾਂਧੇ ਸੋ ਐਸੇ ਬਹੁਤੇ ਗੁਰੂ ਹੋਵਨਗੇ ਓਨਾਂ ਕਾ ਮਨ
ਮਾਯਾ ਗ੍ਰਸਤ ਸਿਉਂ ਲਗ ਰਹੇਗਾ ਅਰ ਓਹ ਔਰ ਕਰਮ ਹੀ ਕਰਨਗੇ ਸੋ ਕੈਸੇ ਔਰ ਕਰਮ
ਕਰਨਗੇ ਜੋ ਕਿਤੇ ਜੁਗ ਨਹੀਂ ਹੋਏ ਹੋਏ ਸੋ ਓਹ ਬਦਰਾਹ ਚਲਾਨਗੇ ਅਤੇ ਸੰਸਾਰ ਉਨਾਂ ਨੂੰ
ਪੂਜੇਗਾ ਸੋ ਕੌਣ ਹੋਵਣਗੇ ਘਰ ਘਰ ਗੁਸਾਈ ਮਹੰਤ ਹੋਇ ਬਹਿਨਗੇ ਓਹ ਗੁਰ ਸਿੱਖ ਨਰਕ-
ਗਾਮੀ ਹੋਵਨਗੇ ਗੁਰ ਭੀ ਅਰ ਸਿੱਖ ਭੀ ਬਿਕਰਮ ਹੀ ਕਰਨਗੇ ਸੋ ਪੁਰਖ ਅੰਧੇ ਖੂਹ ਵਿੱਚ

ਪਾਈਅਨਗੇ ਜਿਤਨੇ ਭੇਖ ਹੈਨ ਤਿਨਾਂ ਦਾ ਏਹ ਵਰਤਾਰਾ ਹੋਇ ਵਰਤੇਗਾ ਅਤੇ ਕਲਜੁਗ ਐਸੀ ਕਰੇਗਾ ਸ਼ਾਸਤ੍ਰ ਗਾਯਤ੍ਰੀ ਤਰਪਨ ਇਕਾਦਸ਼ੀ ਤੀਰਥ ਬਡੇ ਬਡੇ ਸਉਨ ਸੰਜੋਗ ਤਿਨਾਂ ਕੋ ਮੰਨੇਗਾ ਕੋਈ ਨਾਹੀਂ ਏਹ ਵਰਤਾਰਾ ਵਰਤ ਜਾਵੇਗਾ ਸੰਸਾਰ ਕੇ ਵਿਖੇ ਕੌਣ ਕੌਣ ਗੁਰੂ ਕਹਾਇਨਗੇ ਜੋਗੀ ਸੰਨਿਆਸੀ ਜੰਗਮ ਬ੍ਰਹਮਚਾਰੀ ਬ੍ਰਹਮਣ ਏਹ ਕਲਜੁਗ ਵਿਖੇ ਗੁਰੂ ਕਹਾਇਨ ਤਿਨਾਂ ਕੇ ਬਾਬ ਏਹ ਹੋਵੇਗੀ ॥ ਚਕਨਾਚੂਰ ਕਰੇ ਗੁਰ ਪੂਰਾ ਤਾਂ ਕਾ ਲੇਖਨਾ ਮਿਟਿਆ ਜਾਈ ॥ ਓਨਾਂ ਦੇ ਬਾਬ ਏਹ ਹੋਵੇਗਾ ਸੋ ਮਿਟਨੇ ਕਾ ਨਾਹੀਂ ਅਰ ਇਕ ਜੋ ਬੰਦਾ ਸਾਹਿਬ ਦਾ ਉਠੇਗਾ ਤਿਸ ਕਾ ਨਾਮ ਪ੍ਰਸਿਧ ਹੋਵੇਗਾ ਸੋ ਗੁਰੂ ਕੇ ਹੁਕਮ ਸਿਉਂ ਉਠੇਗਾ ਪਰ ਜਾਮਾ ਉਸਕਾ ਮੁਸਲਮਾਨ ਕਾ ਹੋਵੇਗਾ ਉਸਨੂੰ ਅਪਨੀ ਬੰਦਗੀ ਬਖਸੈਂਗੇ ਓਹ ਅਕਾਲ ਪੁਰਖ ਕੋ ਜਾਣੇਗਾ ਅਵਰ ਦੂਸਰੇ ਕਉ ਨਾ ਜਾਣੇਗਾ ਜਹਾਂ ਜਹਾਂ ਜੂਠ ਹੋਵੇਗਾ ਸੋ ਉਸਕੇ ਹਵਾਲੇ ਕਰੀਏਗਾ ਸੋ ਪਾਰਬ੍ਰਹਮ ਕੇ ਹੁਕਮ ਸਾਥ ਚਕਨਾਚੂਰ ਕਰੇਗਾ ਜਿਤਨੀਆਂ ਜੂਠੀਆਂ ਠਉੜਾ ਹੈਨ ਤੀਰਥ ਮੜ੍ਹੀਆਂ ਦੇਹੁਰੇ ਪੀਰਾਂ ਕੇ ਟਿਕਾਣੇ ਰਾਜ ਠੱਗਕੀ ਆਂ ਠਉਰਾ ਜਹਾਂ ਜਹਾਂ ਜੂਠ ਹੋਵੇਗਾ ਸੋ ਸਜਾਇ ਪਾਵਹਿੰਗੇ ਉਸ ਵਖਤ ਧੁੰਧੂਕਾਰ ਵਰਤੈਗਾ ॥ ਅਲਹ ਅਗਮ ਖ਼ੁਦਾਈ ਸੋ ਖ਼ੁਦਾਇ ਸ਼ਬਦ ਹੀ ਹੈ ਜੋ ਅਲਖ ਅਗੰਮ ਕੀ ਖ਼ਬਰ ਦੇਂਦਾ ਹੈ ਅੱਗੋਂ ਹੀ ਆਖਦਾ ਹੈ ਜੋ ਇਉਂ ਹੋਵੇਗੀ ਪਰ ਕੋਈ ਵਿਰਲਾ ਹੀ ਜਾਣੇਗਾ ਪੜ੍ਹਨਗੇ ਪਰ ਕਮਾਵਨਗੇ ਨਾਹੀਂ ਤਾ ਫੇਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੋ ਸੱਚੇ ਪਾਤਿਸ਼ਾਹ ਕਿਉਂ ਓਸਨੂੰ ਮਿਲਿਆ ਫਲ ਹੋਵੇਗਾ ਕਿ ਨਾਹੀਂ ਤਾਂ ਫੇਰ ਸਤਿ ਗੁਰੂ ਕਾ ਬੋਲਣਾ ਹੋਯਾ ॥ ਸ਼ਲੋਕ ॥ ਉਪਜੀ ਰੀਤਿ ਪ੍ਰੀਤਿ ਮਨ ਉਪਜੀ ਭਏ ਦਿਆਲ ਗੁਸਾਈਂ ॥ ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰ ਜਲ ਉਪਜੈ ਰਹੇ ਸਮਾਈ ॥ ਤੂਟੇ ਪੰਖ ਪਾਤ ਜਿਉਂ ਤੂਟੀ ਤੂਟੀ ਤਰਵਰ ਡਾਲੀ ॥ ਕਹੁ ਨਾਨਕ ਜਬ ਜਗ ਉਲਟਾਨਾ ਸਾਧੂ ਭਏ ਸੁਆਲੀ ॥ ੧੮ ॥ ਤਿਸਕਾ ਪਰਮਾਰਥ ਤਾਂ ਸੁਣ ਭਾਈ ਅਜਿੱਤਿਆ ਜਾਂ ਆਪ ਦਿਆਲ ਹੋਂਦਾ ਹੈ ਤਾਂ ਸਾਧਾਂ ਕੇ ਮਿਲਣੇ ਕੀ ਪ੍ਰੀਤ ਉਪਜਦੀ ਹੈ ਸਾਧੂ ਕੇ ਮਿਲਣੇ ਕਰ ਇਸਕੀ ਗਤਿ ਸੰਸਾਰ ਪਾਸੋਂ ਨਿਆਰੀ ਹੋਂਦੀ ਹੈ ਸਾਧੂ ਅਰ ਪਰਮੇਸ਼ਰ ਵਿਚ ਭੇਦ ਕੁਛ ਨਾਹੀਂ ਜਿਉਂ ਬੂੰਦ ਸਾਗਰ ਮਹਿ ਮਿਲ ਜਾਤੀ ਹੈ ਪਰ ਜਾਂ ਸੰਤ ਭਗਤਿ ਪ੍ਰੀਤਿ ਕਰ ਅਰਦਾਸ ਕਰਹਿੰਗੇ ਜੋ ਅਸਾਨੂੰ ਦਰਸ਼ਨ ਆਪਣਾ ਦੇਹ ਤਾਂ ਜੁਗ ਪਰਵਾਨ ਹੋਇਕੇ ਦਰਸ਼ਨ ਦੇਵੇਗਾ ਸੱਚ ਵਡਿਆਈ ਸਤਿ ਗੁਰੂ ਕੀ ਪ੍ਰਾਪਤਿ ਹੋਵੇਗੀ ਉਸਤਤਿ ਹੋਵੇਗੀ ਪਰ ਜੋ ਪੁਰਖ ਤੁਟਨਗੇ ਸੋ ਫੇਰ ਨਾਹੀਂ ਮਿਲੈਂਗੇ ਜੈਸੇ ਪੰਖੀ ਕੇ ਪਰ ਤੁਟਦੇ ਹੈਨ ਓਹ ਫੇਰ ਨਾਹੀਂ ਲਗਦੇ ਫੇਰ ਨਵੇਂ ਸਿਰੇ ਲਗਦੇ ਹੈਨ ਜਿਉਂ ਨਵੇਂ ਸਿਰੇ ਖੇਤ ਜਮਾਵੇਗਾ ਸਾਧਾਂ ਹੀ ਕੇ ਸੁਆਲ ਕਰ ਉਤ ਸਮੇ ਦਰਸ਼ਨ ਹੋਵੈਗਾ ਅਰ ਕਰੜਾ ਦੀਵਾਨ ਲਗੇਗਾ ਪਹੁਚਣੇ ਕੋਈ ਨਾ ਪਾਵੇਗਾ ॥ ਸ਼ਲੋਕ ॥ ਐਸਾ ਪਾਸਾ ਢਾਲਸੀ ਦੂਰ ਦੀਬਾਨ ਅਭਗ ॥ ਨਵਤਨ ਜਾਮਾ ਪਹਿਨ ਕੇ ਭਏ ਅਲੱਖ ਅਲੱਗ ॥ ਇਕ ਕੱਚੇ ਇਕ ਪੱਕਿਆ ਗੁਰਮੁਖ ਭਏ ਨਿਹਾਲ ॥ ਤੁਟਨ ਸੇਈ ਨਾਨਕਾ ਜੋ ਤੋੜੇ ਆਪ ਦਿਆਲ ॥ ੧੯ ॥ ਤਿਸਕਾ

ਪਰਮਾਰਥ ॥ ਦੂਰ ਦੀਬਾਣ ਅਭਗ ਕਹੈ ਐਸਾ ਪਾਸਾ ਢਾਲੇਗਾ ਦੁਨੀਆਂ ਤੇ ਦੂਰ ਰਹੇਗਾ ਦੀਬਾਣ ਜੋ ਹੈ ਸੋ ਅਭੱਗ ਲਗੇਗਾ ਤੁਟਣੇ ਕਾ ਕਦੇ ਨਾਹੀਂ ਅਰ ਇਕ ਕੱਚੇ ਇਕ ਪੱਕਿਆ ਸੋ ਕੀ ਹੈ ਪੱਕੇ ਤਾਂ ਗੁਰਮੁਖ ਹੈਨ ਜੋ ਤੁਟਣੇ ਕੇ ਨਾਹੀਂ ਗੁਰਮੁਖ ਕਹਿਨਗੇ ਜੋ ਏਹ ਪੂਰਨ ਪੁਰਖ ਅਬਿਨਾਸ਼ੀ ਸ੍ਰਿਸਟ ਕਾ ਕਰਤਾ ਕਰਣੇਹਾਰਾ ਹੈ ਅਰ ਜੋ ਕੱਚੇ ਹੋਵਨਗੇ ਸੋ ਭਰਮਾਈਅਨਿਗੇ ਸੋ ਕਹਿਨਗੇ ਜੋ ਏਹ ਰਾਜਾ ਹੈ ਅਰ ਗੁਰਮੁਖ ਸਿੱਖ ਜੋ ਗੁਰੂ ਕੇ ਪਿਆਰੇ ਹੈਨ ਉਨ ਕਉ ਭੀ ਨਿੰਦਨਗੇ ਤਿਨ ਕੋ ਸਤਿਗੁਰੂ ਆਪ ਤੋੜ ਸੱਟੇਗਾ ॥ ਤੁਟਨ ਸੈਈ ਨਾਨਕਾ ਜੋ ਤੋੜੇ ਆਪ ਦਿਆਲ॥ ਸਭ ਉਸੀ ਦਿਆਲ ਪੁਰਖ ਕਾ ਕਾਰਨ ਹੋਂਦਾ ਹੈ ਤਾਂ ਫੇਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਓਹ ਦਿਆਲ ਪੁਰਖ ਕੇਵਡ ਹੈ ਤਾਂ ਫੇਰ ਸਤਿਗੁਰ ਕਾ ਬੋਲਣਾ ਹੋਯਾ॥ ਸ਼ਲੋਕ ॥ ਬਲ ਉਪਜੈ ਨਾ ਬਲ ਖਿਸੈ ਤਾਂ ਕੇ ਰੋਮ ਰੋਮ ਪਰਗਾਸ ॥ ਜੋ ਭੇਜੇ ਆਏ ਪਾਰਬ੍ਰਹਮ ਕੇ ਮਤਿ ਕੋ ਹੋਇ ਤੁਮਾਰੇ ਦਾਸ ॥ ਪਾਹੁ ਲਗਾਇਆ ਸਤਿਗੁਰੂ ਰੰਗ ਚਲੂਲਾ ਜੱਗ ॥ ਨਾਨਕ ਪਕੜੀ ਓਟ ਜਨ ਨਾ ਪੋਹੈ ਜਮ ਮਗ ॥ ੨੦ ॥ ਤਿਸਕਾ ਪਰਮਾਰਥ ॥ ਸੁਣ ਭਾਈ ਅਜਿੱਤਿਆ ਓਹ ਪਾਰਬ੍ਰਹਮ ਜੋ ਹੈ ਸੋ ਬਡਾ ਪ੍ਰਬਲ ਹੈ ਅਤੇ ਦਿਨੋ ਦਿਨ ਬਲਵੰਤ ਹੋਂਦਾ ਹੈ ਪਰ ਉਸਕੀ ਕੀਮਤਿ ਕੋਈ ਨਾਹੀਂ ਕਰ ਸਕਦਾ ਜੋ ਕੇਵਡ ਹੈ ਪਰ ਇਕ ਨਿਸ਼ਾਨੀ ਹੈ ਉਸਕੇ ਜੋ ਸਾਧ ਹੈਨ ਸੋ ਉਸਕੋ ਰੋਮ ਰੋਮ ਪਰਗਾਸ ਹੋਂਦਾ ਹੈ ਉਸਕੋ ਇਕ ਪਲ ਨਾਹੀਂ ਬਿਸਰਤਾ ਓਹ ਪਲ ਪਲ ਖਿਨ ਖਿਨ ਸਾਸ ਗਿਰਾਸ ਵਿਖੇ ਉਸੀ ਕਾ ਧਿਆਨ ਧਰਤੇ ਹੈਨ ਇਕ ਪਲ ਭੀ ਉਨਾਂ ਸੋ ਨਾਹੀਂ ਖਿਸਕਦਾ ਸਦਾ ਹੀ ਉਸੀ ਕੇ ਸਾਥ ਰਹਿਤੇ ਹੈਂ ਅਰ ਦਿਨੋ ਦਿਨ ਘਾਟਾ ਹੈ ਬਢਤਾ ਨਾਹੀਂ ਸੰਤ ਹੀ ਜਾਨਤੇ ਹੈਨ ਸੰਤ ਜੋ ਹੈਨ ਸੋ ਪਾਰਬ੍ਰਹਮ ਹੈਨ ਓਹ ਪਾਰ ਬ੍ਰਹਮ ਕੇ ਭੇਜੇ ਆਂਵਦੇ ਹੈਨ ਪਾਰਬ੍ਰਹਮ ਕੀ ਆਗਿਆ ਹੋਤੀ ਹੈ ਜੋ ਤੁਸੀ ਜਗ ਮਹਿ ਜਾਵਹੁ ਪਾਹ ਲੈਆਵਹੁ ਨਾਮ ਕਾ ਉਪਦੇਸ਼ ਦ੍ਰਿੜਾਵਹੁ ਜੋ ਸੰਸਾਰ ਤੁਮਾਰਾ ਦਾਸ ਹੋਵੇ ਪਾਹੁ ਜੋਹੈ ਸੋ ਉਪਦੇਸ਼ ਹੈ ਸੋ ਉਪਦੇਸ਼ ਸ਼ਬਦ ਹੀ ਹੈ ਜਿਨਾਂ ਕੋ ਸਬਦ ਕਾ ਪਾਹੁ ਲਗਦਾ ਹੈ ਸੋ ਸੰਸਾਰ ਤੇ ਨਿਆਰਾ ਹੋਂਦਾ ਹੈ ਤਿਸਕਾ ਖਰਾ ਰੰਗ ਚਲੂਲਾ ਹੋਵੇਗਾ ਫੇਰ ਓਹ ਦੁਨੀਆ ਨਾਲ ਨਾਹੀਂ ਰਲਦਾ ਸੁਣ ਭਾਈ ਅਜੱਤਿਆ ਜੋ ਕੋਈ ਉਸਦੀ ਓਟ ਪਕੜਦਾ ਹੈ ਤਿਸਕਉ ਕੋਈ ਪਿਆਸ ਨਾਹੀਂ ਹੋਂਦੀ ਓਹ ਪੁਰਖ ਜਮ ਕੀ ਤ੍ਰਾਸ ਸੇ ਭੀ ਬਚਦਾ ਹੈ ॥ ਨਾਨਕ ਪਕੜੀ ਓਟ ਜਨ ਨਾ ਪੋਹੈ ਜਮ ਮਗ ॥ ਤਾਂ ਫੇਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਤੇਰਾ ਬੋਲਣਾ ਹੋਯਾ ਸੀ ਜੋ ਸਾਧੂ ਕੀ ਓਟ ਪਕੜੇ ਤਾਂ ਜਮ ਕੀ ਤ੍ਰਾਸ ਦੂਰ ਹੋਂਦੀ ਤਾਂ ਫੇਰ ਸਤਿਗੁਰੂ ਜੀ ਕਾ ਬੋਲਣਾ ਹੋਯਾ ਸਾਧੂ ਕੀ ਓਟ ਏਹ ਹੈ ਜੋ ਸਾਧਾਂ ਕੇ ਕਹੇ ਪਰ ਚਲਣਾ ਤੇ ਕਾਮ ਤੇ ਰਹਿਤ ਹੋਣ, ਝੂਠ ਨਾ ਬੋਲਣਾ ਪਰਾਈ ਨਿੰਦਾ ਨਹੀਂ ਕਰਣੀ ਤਾਂ ਸਾਧਾਂ ਕੇ ਮਿਲਣੇ ਕਾ ਫਲ ਹੋਂਦਾ ਹੈ ਅਰ ਜੋ ਕਹੇ ਪਰ ਨ ਚੱਲੇ ਤਾਂ ਸਾਧ ਆਪਣਾ ਬਚਨ ਖਸਲੈਂਦੇ ਹੈਨ ॥ ਸ਼ਲੋਕ ॥ ਜੈਸੀ ਲਹਿਰ ਸਮੁੰਦ੍ਰ ਦੀ ਸਤਿਗੁਰ ਕੀਨੋ ਵਾਕ ॥ ਬਚਨ ਹਮਾਰਾ ਫੇਰ ਕਹੁ ਹਮ ਤੁਮ ਕੈਸਾ ਸਾਕ ॥ ੨੧ ॥

ਤਿਸਕਾ ਪਰਮਾਰਥ ਸਮੁੰਦ੍ਰ ਜੋ ਹੈ ਸੋ ਸਤਿਗੁਰੂ ਹੈ ਉਸਕੀ ਲਹਿਰ ਜੋ ਹੈ ਸੋ ਸ਼ਬਦ ਹੈ ਜਿਉਂ ਸਮੁੰਦ੍ਰ ਦੀ ਲਹਿਰ ਨਾਲ ਮੋਤੀ ਹੀਰਾ ਲਾਲ ਲੱਛਮੀ ਬੰਨੇ ਆਇ ਪਉਂਦੀ ਹੈ ਤਿਸ ਕੀ ਨਿਆਈਂ ਜਿਸਕੋ ਸ਼ਬਦ ਪ੍ਰਾਪਤ ਹੋਂਦਾ ਹੈ ਸੋ ਸਾਧ ਹੋਂਦਾ ਹੈ ਅਤੇ ਜੇਕਰ ਸ਼ਬਦ ਕੀ ਕੀਮਤ ਜਾਣੈ ਨਾਹੀ ਤਾਂ ਓਹ ਕਉਡੀ ਬਦਲੈ ਲਾਲ ਵੇਚ ਲੈਂਦਾ ਹੈ ਤਿਸਕੀ ਨਿਆਈਂ ਐਸੇ ਸਿਖ ਹੋਵਨਗੇ ਜੋ ਸ਼ਬਦ ਕਉ ਵੇਚਨਗੇ ਓਸ ਵਕਤ ਓਸਕੀ ਕੀਮਤ ਨਾ ਜਾਨਣਗੇ ਤਾਂ ਉਨਾਂ ਪਾਸੋਂ ਸ਼ਬਦ ਕਾ ਸਾਕ ਤੁਟ ਜਾਵੇਗਾ ਜਿਨਾਂ ਸਬਦ ਕਾ ਕਹਿਆ ਮੰਨਿਆ ਨਾਹੀਂ ਉਨਾ ਨਾਲ ਕੀ ਸਾਕ ਹੈ ਬਚਨ ਹਮਾਰਾ ਫੇਰਦੇ ਹੈਨ ਹਮਾਰਾ ਓਹ ਕੈਸਾ ਸਾਕ ਤਾਂ ਫੇਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸਾਹ ਜੋ ਓਹ ਕਉਣ ਸ਼ਾਇਤ ਹੋਵੇਗੀ ਤਾਂ ਫੇਰ ਸ੍ਰੀ ਸਤਿਗੁਰੂ ਜੀ ਕਾ ਬੋਲਣਾ ਹੋਯਾ ॥ ਸਲੋਕ ॥ ਸਿੱਧੀ ਮੰਡਲ ਮੰਡਿਆ ਬੈਠਾ ਤਾੜੀ ਲਾਇ ॥ ਹਥੀ ਖੱਪਰ ਤੇ ਸਿਰ ਟੋਪੀ ਜਨਮ ਬਿਰਥਾ ਜਾਇ ॥ ਆਇਆ ਗੁਰੂ ਨਾ ਜਾਣਨੀ ਕੀਤਾ ਮੁਖਹਿ ਅਲਾਇ ॥ ਮੁਹਿ ਕਾਲੇ ਦੋਜ਼ਕ ਸਟੀਅਨ ਲਖ ਚੁਰਾਸੀਹ ਪਾਇ ॥ ਅਚਲ ਆਵੇ ਨਾਨਕਾ ਸੋ ਨਰਕ ਪੁਰੀ ਕੋ ਜਾਇ ॥ ੨੨ ॥ ਤਿਸਕਾ ਪਰਮਾਰਥ ॥ ਸੁਣ ਬੱਚਾ ਅਜਿੱਤਿਆ ਸਿੱਖ ਜੋ ਸੇ ਮੋਤਾਂ ਸਤਿਗੁਰੂ ਕੇ ਤਾਲਬ ਸੇ ਜਬ ਓਹ ਵਖਤ ਆਵੇਗਾ ਅਰ ਗੁਰ ਕਾ ਜਾਮਾ ਅਲੋਪ ਹੋਇ ਜਾਵੇਗਾ ਤਾਂ ਕਉਣ ਹੋਵਨਗੇ ਕੋਈ ਗ੍ਰਿਹਸਤੀ ਕੋਈ ਫ਼ਕੀਰ ਹੋਵੇਗਾ ਮੰਡਲ ਜੋ ਮੰਡਨਗੇ ਸੋ ਆਪੋ ਆਪਣੇ ਆਸਨ ਸਵਾਰ ਬੈਠਨਗੇ ਅਤ ਸਿਰ ਟੋਪੀਆਂ ਪਾਈਆਂ ਤੇ ਕਹਿਆ ਜੋ ਮੈ ਉਦਾਸੀ ਹੋਂ ਸੋ ਉਦਾਸੀ ਕੀ ਹੈ ਜੋ ਉਨਾਂ ਗੱਲਾਂ ਤੇ ਉਦਾਸ ਹੋਵੇ ਪਹਿਲੇ ਮਾਯਾ ਤੇ ਗ੍ਰਿਸਤ ਤੇ ਦੁਨੀਆ ਕੇ ਗੁਰ ਹੋਇ ਫਿਰਨਗੇ ਬਾਤਾਂ ਕਰ ਕਰ ਉਪਦੇਸ਼ ਕਰਨਗੇ ਅਰ ਇਸਤ੍ਰੀਆਂ ਜਹਾਨ ਤੇ ਕਾਮ ਕ੍ਰੋਧ ਲੋਭ ਮੋਹ ਨਿੰਦਾ ਬਖੀਲੀ ਤ੍ਰਿਸ਼ਨਾ ਜੇ ਇਨ ਤੇ ਉਦਾਸ ਹੋਵੇਗਾ ਤਾਂ ਉਦਾਸੀ ਜਾਨਣਾ ਨਾਹੀਂ ਤਾਂ ਉਨਾਂ ਕੇ ਭੇਖ ਕੋ ਮਰਣ ਪਰਯੰਤ ਨਹੀਂ ਮੰਨਣਾ ਪਰ ਸੁਣ ਬੱਚਾ ਐਸਾ ਵਖਤ ਆਵੇਗਾ ਜੋ ਓਹ ਦੁਨੀਆਂ ਨਾਲ ਮੋਹ ਕਰਨਗੇ ਅਰ ਕਹਿਨਗੇ ਹਮ ਫ਼ਕੀਰ ਹੈਂ ਐਸਾ ਸਮਾਂ ਭੀ ਆਵੇਗਾ ਓਸ ਵਕਤ ਕੋਈ ਗੁਰੂ ਉਨਾਂ ਪਾਸ ਆਵੇਗਾ ਤਾਂ ਓਹ ਪਛਾਣ ਨਾ ਸੱਕਣਗੇ ਤੇ ਸਗੋਂ ਮੂੰਹੋਂ ਬੁਰਾ ਬੋਲਣਗੇ ਕਹਿਣਗੇ ਏਹ ਕੌਣ ਹੈ ਗੁਰੂ ਅਸਾਡੇ ਨਾਲ ਹੈ ਅਤੇ ਆਪੋ ਅਪਣੀ ਭਾਖਿਆ ਬੋਲਣਗੇ ਅਤੇ ਗੁਰੂ ਕਉ ਪਛਾਣ ਨਾ ਸਕਣਗੇ ਭਰਮ ਜਾਨਗੇ ਤਾਂ ਓਹ ਗੁਰੂ ਤੇ ਵਿਛੜਨਗੇ ਪਰ ਇਕ ਐਸੇ ਭੀ ਸਿੱਖ ਦ੍ਰਿੜ ਬ੍ਰਤੀਵਾਲੇ ਹੋਵਨਗੇ ਜੋ ਉਨਾਂ ਦਾ ਕਹਿਆ ਨਾ ਮੰਨਣਗੇ ਸ਼ਬਦ ਦੇ ਕਹੇ ਪਰ ਚੱਲਣਗੇ ਅਰ ਓਹ ਭਰਮਾਵਣੇ ਵਾਲੇ ਕੇ ਮੂਹ ਕਾਲੇ ਹੋਵਨਗੇ ਅਤੇ ਫੇਰ ਚਉਰਾਸੀ ਵਿੱਚ ਸਟੀਅਨਗੇ ਤੇ ਨਰਕ ਗਾਮੀ ਹੋਵਣਗੇ ॥ ਅਚਲ ਆਵੇ ਨਾਨਕਾ ਸੋ ਨਰਕ ਪੁਰੀ ਕਉ ਜਾਇ ॥ ਫੇਰ ਬੋਲਣਾ ਹੋਯਾ ਇਹ ਕੀ ਹੈ ਇਨਾਂ ਥੀਂ ਭੀ ਵੱਡੇ ਭੁਲਣਗੇ ॥ ਸਲੋਕ ॥ ਹਰਿ ਉਪਜੈ ਹਰਿ ਪਖ ਗਏ ਕਈ ਰਾਮ ਅਵਤਾਰ ॥ ਬ੍ਰਹਮੇ ਕੋਟਿ ਕਈ ਜੁਗ ਬੀਤੇ ਮਾਧੋ ਕ੍ਰਿਸ਼ਨ ਮੁਰਾਰਿ ॥ ਦਰ ਦਰਵਾਨ ਕਰੈ ਬੇਨਤੀ ਅੰਤ ਨ

ਪਾਰਾਵਾਰ ॥ ਕਹੁ ਨਾਨਕ ਏਹ ਸਭ ਜਗ ਡੁਬਾ ਝੂਠੇ ਮੋਹਿ ਪਿਆਰ ॥ ੨ ॥ ਤਿਸਕਾ ਪਰਮਾਰਥ ॥ ਓਹ ਹਰਿ ਉਪਾਏ ਹਰਿ ਖਪਾਏ ਕਈ ਬਾਰ ਰਾਮ ਹੀ ਨਾਮ ਰਖਾਯਾ ਕਈ ਜੁਗ ਬ੍ਰਹਮੇ ਕੋਟ ਹੀ ਹੂਏ ਅਰ ਕਈ ਬਾਰ ਮਾਧੋ ਕ੍ਰਿਸ਼ਨ ਮੁਰਾਰ ਸਦਾਯਾ ਅਪਰ ਅਪਾਰ ਹੈ ਆਪਣੀ ਕੀਮਤ ਆਪਹੀ ਜਾਣਦਾ ਹੈ ਸੰਗ ਜੁਗ ਜੁਗ ਕਰਦਾ ਆਯਾ ਹੈ ਅਰ ਦਰਵਾਨ ਉਸਕੇ ਕਉਣਹੈਨ ਕਈ ਅਸੰਖ ਭਗਤ ਕਈ ਅਸੰਖ ਸਿੱਖ ਸੰਤ ਸਿਧ ਸਾਦਿਕ ਦੇਵਤੇ ਉਸਕੇ ਦਰਵਾਨ ਹੈਨਸੋ ਦਰ ਉਸ ਕਾ ਸ਼ਬਦ ਹੈ ਓਸ ਦਰਖੜੇਰਹਿੰਦੇਹੈਨਮਤ ਕਿਸੇਸਮੇ ਕਿਤੇ ਸਾਹਿਬ ਆਉਂਦਾ ਹੋਵੇ ਦਰਸ਼ਨ ਹੋਇ ਤਾਂ ਮੁਕਤ ਹੋਵਹਿ ਓਨਾਂ ਨੋਂ ਭੀ ਖ਼ਬਰ ਨਾਹੀਂ ਬੇਸ਼ੁਮਾਰ ਕੀਜੇ ਕਿਤ ਵਕਤ ਆਉਂਦਾ ਹੈ ਅਤੇ ਏਹ ਜਗਤ ਜੋ ਹੈ ਸੋ ਤਾਂ ਮਾਯਾ ਨਾਲ ਰਚ-ਰਹਿਆ ਹੈ ਸੋਈ ਬਿਧ ਡੁਬੇ ਡੂਬਾ ਹੈ ਕਹੁਨਾਨਕ ਏਹਸਭ ਜਗ ਝੂਠਾਮਾਯਾ ਮੋਹਪਿਆਰ ॥ ਤਾਂ ਫੇਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਏਹਜਗਤਜਹਾਨਤਾਂ ਸਭਬਿਨਾਸ਼ੀ ਹੈ ਅਰ ਏਹ ਜੋ ਜੋਗ ਪਾਵਤੇ ਹੈਨ ਸੱਭੇ ਸੁਆਦ ਤਜਕੇ ਓਨਾਂਦੀ ਕਿਆ ਜੁਗਤ ਹੈਤਾਂ ਫੇਰਸ੍ਰੀ ਸਤਿਗੁਰੂ ਕਾ ਬੋਲਣਾ ਹੋਯਾ ॥ ਸ਼ਲੋਕ ॥ ਜੋ ਉਪਜੈ ਸੋ ਖਪੈ ਜੋਗੀਸਰ ਲਾਇ ਬੈਠੇ ਬਿਭੂਤ ॥ ਜੋਗ ਜੁਗਤਕੀ ਸਾਰ ਨ ਜਾਣੈ ਗੁਰ ਸਬਦੀ ਨਾਹੀਂ ਪ੍ਰੀਤ ॥ ਰਸ ਕਸ ਸੁਆਦ ਸੱਭੇ ਤਜ ਛੋਡਹਿ ਫੀਕਾ ਖਾਇ ਅਲੂਣਾ ॥ ਕਹੁ ਨਾਨਕ ਇਨਾਂ ਜੋਗ ਨਾ ਪਾਯਾ ਜਿਉਂ ਉਦਰ ਅਲੂਣਾ ॥ ੨੪ ॥ ਤਿਸਕਾ ਪਰਮਾਰਥ ॥ ਜੋ ਉਪਜਿਆ ਹੈ ਸੋ ਸਭ ਖਪੇਗਾ ਝੂਠ ਖਪੇਗਾ ਸੱਚ ਸਦਾ ਕਾਇਮ ਹੈ ਜੋਈ ਸੱਚਕੋ ਦੇਖਕਰ ਖਿਝਦਾ ਹੈ ਤਿਸ ਕੋ ਸੱਚ ਪਾਵਣੇ ਕੀ ਬਿਧ ਨਹੀਂ ਆਂਵਦੀ ਬਿਨਾਂ ਸਤਿਗੁਰੂ ਸੱਚ ਨਾਹੀਂ ਪਿਆ ਅਤੇ ਏਹ ਭੇਖ ਜੋ ਹੈਨ ਸੋ ਆਪੋ ਆਪਕੋ ਧਾਵਤੇ ਹੈਨ ਅਰ ਕਹਿਤੇ ਹੈਂ ਜੋ ਹਮ ਤਪੱਸੀ ਹਾਂ ਤਪੱਸਿਆ ਕਾ ਗੁਮਾਨਕਰਦੇਹੈਨ ਆਪ ਕਉ ਗੁਰੂ ਕਹਾਵਤੇ ਹੈਨ ਅਰ ਜੋ ਜੁਗਤ ਕੀਸਾਰ ਨਹੀਂ ਜਾਨਤੇ ਅਰ ਸਤਿਗੁਰੂ ਕੇ ਸਬਦ ਕੀ ਪਹੁਚ ਨਾਹੀਂ ਪਾਵਤੇ ਅਰ ਜੋਗ ਕੀਜੁਗਤਕੀ ਹੈ ਜੋ ਗੁਰੂਕਾ ਸਬਦਹੈ ਸੋ ਕਮਾਵੇ ਤੇਜੋਗਕੀ ਜੁਗਤ ਪਾਵੇ ਸ਼ਬਦਸੱਚਹੈ ਪਰਸ਼ਬਦਬਿਨਾਂਹੋਰ ਸਭ ਝੂਠ ਹੈ ਸੋ ਜਿਸਪੁਰਖ ਕੋ ਸਚ ਸ਼ਬਦ ਕੀ ਖ਼ਬਰ ਨਹੀਂ ਪੜਤੀ ਜੋ ਸਚ ਕਿਆ ਚਾਲ ਹੈ ਅਰ ਰਸਕਸ ਸੁਆਦਛੋਡਤੇ ਹੈਨ ਅਰ ਜੋਗ ਕੀ ਜੁਗਤ ਨਹੀਂ ਜਾਣਤੇ ਜੋਗ ਜੋ ਹੈ ਸੋ ਸਚ ਸ਼ਬਦ ਹੈ ਜਦ ਸੱਚ ਸ਼ਬਦ ਕੌ ਕਮਾਵੇਗਾ ਤਬ ਜੋਗ ਕੀ ਜੁਗਤ ਕੋ ਪਾਵੇਗਾ ਆਸ ਕਰਕੇ ਮੰਨੈ ਸੰਤੋਖ ਕਰਕੇ ਬਹੇ ਅਰ ਨਾਮਕਾ ਅਹਾਰ ਕਰੇ ਤਬ ਜੋਗ ਕੀ ਜੁਗਤ ਕੋ ਪਾਵੇ ਏਹ ਜੋਫ਼ਕੀਰ ਅਲੂਣਾਖਾਤੇ ਹੈਨ ਏਹ ਅਲੂਣਾ ਨਾਹੀਂ ਇਨ ਕੌ ਜੋਗਕੀ ਸਾਰਨਾਹੀਂ ਅਤੇ ਜੋਗੀ ਤਪੱਸੀ ਕਹਾਵਤੇ ਹੈਨ ਸੋ ਸਭ ਨਰਕ ਮਹਿ ਪਾਈਅਹਿੰਗੇ ਤਾਂ ਫੇਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਤੂੰ ਗੁਰੂ ਹੈਂ ਤੇਰੇ ਪਾਸ ਅਰਦਾਸ ਹੈ ਤਦ ਗੁਰਮਤ ਓਸ ਸਮੇ ਦਿੜ੍ਹਾਵਣੀ ਤਾਂ ਫੇਰ ਸਤਿ ਗੁਰੂ ਕਾ ਬੋਲਣਾ ਹੋਯਾ ॥ ਸ਼ਲੋਕ ॥ ਸਤਗੁਰ ਸੇਤੀ ਅਰਦਾਸ ਕਰ ਜਿਨ ਸਤਗੁਰੁ ਜਾਤਾ

॥ ਕਿਆ ਕੋ ਆਖ ਆਖੇ ਵਖਾਣੇ ਓਹ ਪੂਰਨ ਪੁਰਖ ਬਿਧਾਤਾ ॥ ਜਨਮ ਜਨਮਕਾ ਭੂਲਾ ਪ੍ਰਾਨੀ ਨਿਤਉਠਕਰੈ ਅਰਦਾਸੀ॥ ਕਹੁ ਨਾਨਕ ਮਨੂਆ ਬਿਰਥਾਨਾ ਜਮਪੁਰ ਬੱਧਾਜਾਸੀ॥ ੨੫॥ ਤਿਸਕਾ ਪਰਮਾਰਥ॥ ਸੁਣ ਭਾਈ ਅਜਿੱਤਿਆ ਸਤਗੁਰੂ ਪਾਸ ਜੋ ਅਰਦਾਸਾਂ ਕਰਨਗੇ ਸੋ ਮਾਯਾ ਕੀਆਂ ਵਡਿਆਈਆਂ ਅਰ ਪੁਤ੍ਰ ਰਾਜ ਮੰਗਨਗੇ ਜੋ ਅਸੀ ਦੁਨੀਆਂ ਮਹਿ ਵਡ ਹੋਵਹਿ ਸੰਸਾਰ ਹੀ ਕੇ ਸੁਖ ਮੰਗਨਗੇ ਤਿਨਾਂ ਪੁਰਖਾਂ ਸਤਿ ਗੁਰੂ ਨਾ ਜਾਤਾ ਕਿਉਂ ਕਰ ਨਾ ਜਾਤਾ ਜੋ ਸਤਿਗੁਰੂ ਪਾਸੋਂ ਨਾਮ ਦਾਨ ਨਾ ਮੰਗਿਆ ਸੇਵਾਟਹਿਲ ਨ ਮੰਗੀ ਅਤੇ ਸਤਿਗੁਰੂ ਕੇ ਘਰ ਤਾਂ ਸਭ ਕਿਛੁ ਹੈ ਜੇਹੀ ਕੋਈ ਇੱਛਾ ਕਰਆਂਵਦਾ ਹੈ ਤੇਹਾ ਫਲ ਪਾਇੰਦਾ ਹੈ ਬਿਨਾਂ ਸਤਿ ਗੁਰਕੀ ਦੀਖਿਆ ਪਾਪ ਨਹੀਂ ਉਤਰਦੇ ਅਰ ਫਲ ਜੋ ਹੈਨ ਤਿਨਾਂਸਤਿਗੁਰੂਤੋਂ ਓਹਭੀ ਕੋਈਨਾਹੀਂ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀਜੀ ਸੱਚੇ ਪਾਤਸ਼ਾਹਤਿਹਕਉਣ ਗੁਣਹੈਨ ਜਿਨਾਂ ਕਰਕੇ ਪਾਪ ਉਤਰਦੇ ਹੈਨ ਤਾਂ ਫੇਰ ਬਾਬੇ ਜੀ ਕਾ ਬੋਲਣਾ ਹੋਯਾ॥ ਸ਼ਲੋਕ ॥ ਨਾਨਕ ਨਾਉ ਨਿਰੰਕਾਰ ਹੈ ਆਪ ਨਿਰੰਜਨ ਦੇਉ॥ ਕਈ ਜੁਗ ਵਰਤਾਰਾ ਵਰਤਿਆ ਆਪਣਾਆਪਸਮੇਉ॥ ਖੇਲੇ ਬਿਗਸੇ ਜਗ ਮੈ ਅਲਖ ਨਾ ਲਖਿਆ ਜਾਇ॥ ਤ੍ਰਿਭਵਣ ਸੋਝੀ ਤਿਸ ਕਉ ਜੋ ਮਾਰਗ ਦੇਇ ਬਤਾਇ॥ ਪੁੱਤ੍ਰ ਕਲੱਤ੍ਰ ਸਭ ਬੰਧਨਾ ਰਹੇ ਨਿਆਰਾ ਆਪ॥ ਅਲਖਨਿਰੰਜਨ ਆਪਹੈ ਤਿਸ ਮਾਯਾ ਨਾ ਬਾਪ॥ ਤਪੇ ਤਪੀਸ਼ਰ ਜੋਗੀਆਂ ਗੋਰਖ ਕਈ ਅਨੇਕ॥ ਜਿਨ ਖੋਜਿਆ ਤਿਨ ਪਾਇਆ ਨਾਨਕ ਸਤਿਗੁਰ ਏਕ॥ ੨੬॥ ਤਿਸਕਾ ਪਰਮਾਰਥ ॥ ਗੁਰੂ ਅਰ ਨਿਰੰਕਾਰ ਏਕ ਹੀ ਜੋਤ ਹੈ ਕਈ ਜੁਗ ਵਰਤਾਰਾ ਵਰਤਦਾ ਆਯਾ ਹੈ ਸੋ ਇਸੀ ਜੁਗ ਮਹਿ ਖੇਲਤਾ ਬਿਗਸਤਾ ਹਾਜ਼ਰ ਹੈ ਕੋਈ ਓਸ ਕਉ ਲਖ ਸਕਤਾ ਨਾਹੀਂ ਜੋ ਇਹ ਗੁਰੂ ਹੈ ਪਰ ਜੋ ਓਸਦੇ ਮਾਰਗ ਚਲਦਾ ਹੈ ਤਿਸਕੋ ਤ੍ਰਿਭਵਣ ਕੀ ਸੋਝੀ ਆਂਵਦੀ ਹੈ ਤਾਂ ਜਨਮ ਜਨਮ ਕੇ ਪਾਪ ਸਭ ਮਿਟ ਜਾਂਦੇ ਹੈ ਲੇਖਾ ਨਿਬੜਤਾ ਹੈ ਕੁਲਾਂ ਕਾ ਉਧਾਰ ਹੋਤਾ ਹੈ ਉਸਕਾ ਮਾਰਗ ਜੋ ਹੈ ਸੋ ਦੁਨੀਆਂ ਤੇ ਨਿਰਮੋਹ ਹੈ ਪੁਤ੍ਰ ਕਲੱਤ੍ਰ ਸਨਬੰਧ ਦੁਨੀਆ ਕੇ ਸਭ ਹੋਵਣਗੇ ਓਹ ਸਭਨਾਂ ਤੇ ਨਿਆਰਾ ਹੋਗਾ ਉਸਕਾ ਨਾਉਂ ਅਲਖ ਨਿਰੰਜਨ ਹੈ ਉਸਕੋ ਲਖਸਕੇਗਾਕੋਈਨਾਹੀਂ ਸਾਂਗ ਕਰ ਭਰਮਾਏਗਾਅਰਆਪਣਾ ਬਾਣਾ ਛੱਡੇਗਾ ਨਾਹੀਂ ਬਾਣਾ ਓਸਕਾ ਕੀ ਹੈ ਸ਼ਬਦ ਹੈ ਸੋ ਸ਼ਬਦ ਹੀ ਤੇ ਪਾਈਐਗਾ ਅਰ ਕਈਤਪੀਸਰ ਕਈਜੋਗੀਸ਼ਰ ਗੁਰੂ ਕਹਾਵਨਗੇਪਰ ਸੱਚ ਕੋਕੋਈ ਵਿਰਲਾ ਹੀਖੋਜੇਗਾ ਜਹਾਂ ਸਚ ਹੋਵੇਗਾ ਤਹਾਂ ਸਤਿਗੁਰੂ ਕਾ ਵਾਸਾ ਹੋਵੇਗਾ ਸੋਕਉਣ ਸੱਚ ਮਾਯਾ ਮੋਹ ਤੇ ਰਹਿਤ ਹੋਵੇਗਾ ਪਰ ਜਾਂ ਓਹ ਸਮਾ ਆਵੇਗਾ ਤਾਂ ਸਭ ਸੋ ਖਲਾਵੇਗਾ॥ ਸ਼ਲੋਕ॥ ਸੋਖੇ ਸਾਗਰ ਤੱਤ ਸਭ ਰਹੈ ਪਦ ਨਿਰਬਾਣੀ॥ ਓਹ ਵਿਸ ਵਿਸਵਾਸ ਤੇ ਵਿਗੁਤੇ ਪ੍ਰਾਣੀ॥ ੨੭॥ ਤਿਸਕਾ ਪਰਮਾਰਥ॥ ਸੁਣ ਬੱਚਾ ਇਕ ਸਮਾਂ ਐਸਾ ਆਵੇਗਾ ਸਤਿਗੁਰੂ ਸਿਗਾਤ ਕੋ ਸੋਖ ਲੇਵੇਗਾ ਤਾਂ ਉਹ ਪ੍ਰਾਣੀ ਬਿਗਸਾ ਹਾਰ ਜਾਵੇ ਤਬ ਕੁਬੁੱਧ ਉਪਜੇਗੀ ਜੋ ਮੂੰਹੋਂ ਕਹਿਨਗੇ ਅਸੀ ਸਿੱਖ ਬਾਬੇ ਨਾਨਕ ਕੇ ਹਾਂ ਜੋ ਮੇਰਾ ਵਾਸਤਾ ਪਾਇਗਾ ਸੋ ਤਿਸਕੋ

ਨ ਮੰਨਨਗੇ ਮੇਰਾ ਨਾਉਂ ਨਾ ਮੰਨਨਗੇ ਅਰ ਸਿਖ ਕਹਾਇਗੇ ਓਹ ਬੇਮੁਖ ਨਰਕ ਨੂੰ ਪਾਈਅਨਿਗੇ ਕਿਉਂ ਜੋ ਉਨਾਂ ਕੋ ਮੇਰਾ ਸ਼ਬਦ ਸੁਨਿਆ ਲੱਗੇਗਾ ਨਾਹੀ ਜਿਉਂ ਪਾਥਰਕਉ ਜਲ ਨਹੀਂ ਪੋਹਤਾ ਤਬ ਓਹ ਵਿਗੁਚੇਂਗੇ ਗੁਰੂ ਓਨਾਂ ਨੂੰ ਨਦਰਆਵੇਗਾ ਨਹੀਂ ਗੁਰੂਓਨਾਂਦਾ ਵਸਾਹ ਕਰੈਗਾ ਨਹੀਂ ਜਿਉਂ ਸ਼ਾਹੂਕਾਰ ਝੂਠਿਆਂ ਵਣਜਾਰਿਯਾਂ ਕਾਵੇਸਾਹ ਨਹੀਂ ਕਰਦਾਅਤੇ ਸੁਨ ਕਰਕੇ ਬੇ ਧਿਆਨ ਹੋਇ ਬੈਠਤਾ ਹੈ ਸੋ ਓਨਾਂਦੇ ਸੰਗ ਬੋਲਦਾ ਨਹੀ ਜਿਤਨੀ ਕੁਛ ਓਹ ਅਰਦਾਸ ਕਰਦੇ ਹਨ ਸੋ ਭੀ ਸੁਣਦਾ ਨਾਹੀਂ ਤਾਂ ਓਹ ਖਾਲੀ ਹੀ ਜਾਣਗੇ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਓਹ ਦਾਨ ਪੁੰਨ ਭੇਟ ਤੇਰੇ ਨਾਮ ਕੀ ਦੇਨਗੇ ਤਾਂ ਓਨਾਂ ਕੋ ਕੁਛ ਪ੍ਰਾਪਤ ਹੋਵੇਗਾ ਕਿ ਨਾ ਤਾਂ ਫੇਰ ਸ੍ਰੀ ਸਤਿਗੁਰੂ ਕਾ ਬੋਲਨਾ ਹੋਯਾ ॥ ਸ਼ਲੋਕ ॥ ਦਾਨ ਪੁੰਨ ਕਬਹੂੰ ਨਹੀਂ ਸਿਝੇ ਦਿੱਤਾ ਗੁਰੂ ਕਾ ਖਾਇ ॥ ਅਹੰਕਾਰ ਕਰਕੇ ਦੇਵੇ ਮੁਹ ਕਾਲਾ ਚਲਿਯਾ ਜਨਮ ਗਵਾਇ ॥ ੨੮ ॥ ਤਿਸਕਾ ਪਰਮਾਰਥ ॥ ਸੁਣ ਬੱਚਾ ਇਸ ਦਾਨ ਪੁੰਨ ਤੇ ਸਿਝਦਾ ਨਾਹੀਂ ਇਸਕੀ ਮੁਕਤੀ ਹੋਂਦੀ ਨਾਹੀਂ ਅਤੇ ਦਾਨ ਪੁੰਨ ਕਰਕੇ ਕਹਿੰਦਾ ਹੈ ਜੋ ਹਉਂ ਕਰਦਾ ਹਾਂ ਸੋ ਇਸਕਾ ਕੀ ਹੈ ਏਹ ਜੋ ਖਾਂਦਾ ਹੈ ਸਭ ਕਰਣਹਾਰੇ ਦੀ ਦਾਤ ਹੈ ਅਤੇ ਆਪਣੇ ਕਾਰਜ ਕੇ ਵਾਸਤੇ ਕਰਹਿੰਗੇ ਗੁਰੂ ਕੇ ਮਿਲਨੇ ਕੇ ਨਮਿੱਤ ਨਾ ਕਰਨਗੇ ਜੋ ਰੁ ਰੂਕਾ ਵਾਸਤਾ ਪਾਏਗਾ ਤਿਸਕੋ ਤਾਨ ਦੇਵਨਗੇ ਆਪਣੇ ਪ੍ਰਾਪਤਿ ਵਾਸਤੇ ਕਰਨਗੇ ਇਉਂ ਹੀ ਦੁਨੀਆ ਕੇ ਕਾਰਣ ਨਾਲ ਜਨਮ ਜਾਵੇਗਾ ॥ ਸ਼ਲੋਕ ॥ ਗਊ ਘਾਤ ਹੱਤਿਆ ਨਹੀਂ ਉਤਰੇ ਤਟਿ ਤੀਰਥ ਭ੍ਰਮਾਇ ॥ ਕਹੁ ਨਾਨਕ ਜਗ ਥਾਪਿ ਉਥਾਪੇ ਸਤਿਗੁਰੁ ਕਿਨੇ ਨ ਪਾਇਆ ਜਾਇ ॥ ੨੯ ॥ ਤਿਸਕਾ ਪਰਮਾਰਥ ॥ ਸੁਣ ਬੱਚਾ ਅਜਿੱਤਿਆ ਜੋ ਪੁਰਖ ਗਊ ਮਾਰਕੇ ਜੋ ਤੀਰਥ ਜਾਂਦੇ ਹੈਨ ਸੋ ਹੱਤਿਯਾ ਨਾਹੀਂ ਉਤਰਦੀ ਅਰ ਜੋ ਸਾਧਾਂ ਕੀ ਨਿੰਦਿਆ ਕੀ ਹੱਤਿਯਾ ਹੈ ਸੋ ਭੀ ਨਾਹੀਂ ਉਤਰਦੀ ਭਾਂਵੇਂ ਅਨੇਕ ਤੀਰਥ ਕਰੇ ਭਾਂਵੇਂ ਅਨੇਕ ਪੁੰਨ ਕਰੇ ਭਾਂਵੇਂ ਤਪ ਕਰੇ ਸਾਧ ਕੇ ਨਿੰਦਕ ਕੇ ਪਾਪ ਨਾਹੀਂ ਉਤਰਦੇ ਤਾਂ ਫੇਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਕਲਜੁਗ ਕੇ ਜੋ ਗੁਰੂ ਹੋਵਨਗੇ ਤਿਨਾਂ ਕੀ ਸੁਖ ਸ਼ਰੀਣੀ ਕਾ ਕਿਆ ਫਲ ਹੋਵੇਗਾ ॥ ਸ਼ਲੋਕ ॥ ਸੁੱਖ ਸ਼ਰੀਨੀ ਜੋ ਨਰ ਕਰੇ ਸੋ ਲੱਖ ਚਉਰਾਸੀਹ ਜੂਨ ਫਿਰ ਆਵੈ । ਜੋ ਚਾਉ ਤਮਾਸ਼ੇ ਬਾਧਿਆ ਸੋ ਪੱਛੋਤਾਵੈ ॥ ਸਰਿ ਡੂਗਰ ਅਸਗਾਹ ਹੈ ਕਿਉਂ ਮਾਰਗ ਪਾਵੈ ॥ ਨਾਨਕ ਸਤਿਗੁਰ ਤਾਂ ਮਿਲੈ ਜਾਂ ਸੱਚ ਸਮਾਵੈ ॥ ੩੦ ॥ ਤਿਸਕਾ ਪਰਮਾਰਥ ॥ ਸੁਨ ਬੱਚਾ ਅਜਿੱਤਿਆ ਕਲਜੁਗੀ ਜੋ ਸੁਖ ਸ਼ਰੀਨੀਆਂ ਮੰਨਨਗੇ ਸੋ ਝੂਠਿਆਂ ਥਾਵਾਂ ਨੂੰ ਮੰਨਨਗੇ ਪੀਰਾਂ ਅਰ ਗੁਰਾਂ ਕੋ ਮੰਨਨਗੇ ਸੋ ਫੇਰ ਚਉਰਾਸੀ ਭਰਮਨਗੇ ਏਹ ਕਲਜੁਗ ਕੇ ਪੀਰ ਅਰ ਗੁਸਾਈਂ ਜੋ ਹੋਵਨਗੇ ਸੋ ਕੱਚੇ ਗੁਰੂ ਹੋਵਨਗੇ ਬਿਨਾਂ ਸਤਿਗੁਰਾਂ ਦੇ ਇਨਾਂ ਕਾ ਛੁਟਕਾਰਾ ਨਹੀ ਹੁੰਦਾ ਪਰ ਚਾਉ ਤਮਾਸ਼ੇ ਪਿਛੇ ਦੁਨੀਆਂ ਰੀਝੇਗੀ ਸੋ ਓਹ ਚਾਉ ਤਮਾਸ਼ੇ ਗੁਰੂ ਕੇ ਹੋਵਨਗੇ ਅਰ ਬੰਦਗੀ ਭੀ ਦੁਨੀਆਂ ਦੀ ਦੇਖੋ ਦੇਖੀ ਵਾਸਤੇ ਕਰਨਗੇ ਦੁਨੀਆਂ ਕੀ ਜੁਗਤ ਤੇ ਮੁਕਤ ਨਾਹੀਂ ਅਰ

ਸਰ ਡੂਗਰ ਜੋ ਹੈ ਸੋ ਸ੍ਰੀ ਸਤਿਗੁਰ ਕਰਨਹਾਰੇ ਹੈਨ ਸੋ ਅਗਮ ਦਇਆਲ ਬਿਅੰਤ ਪਰੇ ਤੇ ਪਰੇ ਹੈ ਬੇ ਸੁਮਾਰ ਹੈ ਸੋ ਬਿਨਾਂ ਸਤਿਗੁਰੂ ਉਸਦਾ ਥਾਉਂ ਨਾਹੀਂ ਦਿੱਸਦਾ ਜੋ ਸਤਿਗੁਰੂ ਕਉ ਮਿਲਿਆ ਸੋ ਸਚਿਆਰ ਹੋਯਾ ਦੁਨੀਆ ਕੇ ਮਾਰਗ ਛੱਡੇ ਸਤਿਗੁਰੂ ਕੇ ਮਾਰਗ ਚੱਲੇ ਸਤਿਗੁਰੂ ਕਾ ਮਾਰਗ ਕਉਣ ਹੈ ਸੱਚ ਸ਼ਬਦ ਹੈ ਸ਼ਬਦ ਨਾਲ ਰਚੇ ਤਾਂ ਸਤਿਗੁਰੂ ਮਿਲੇ ਸੱਚ ਮੇਂ ਸਮਾਵੇ ਜੂਨੀ ਭਰਮੇ ਨਾਹੀਂ॥ ਸ਼ਲੋਕ ॥ ਹੰਧੀ ਦਰ ਬਾਜਾਰ ਦੇਵਾਂਨੇ ॥ ਪਸਰੇ ਕੇਸੂ ਫੂਲ ਫੁਲਾਨੇ ॥ ਕਰੇ ਮੋਹ ਤ੍ਰਿਯਾ ਲਾਵੇ ਅੰਗ॥ ਨਾਨਕ ਚਉਰਾਸੀ ਕਾ ਪਾਵੈ ਸੰਗ ॥ ੩੧ ॥ ਤਿਸਕਾ ਪਰਮਾਰਥ ॥ ਸੁਣ ਬੱਚਾ ਅਜਿੱਤਿਆ ਓਹ ਕੈਸੇ ਮਟਕ ਹੋਵਨਗੇ ਜੋ ਕੋਈ ਸਤਿਗੁਰੂ ਕੇ ਜਾਨਣੇ ਵਾਲਾ ਸਾਧ ਹੋਵੇਗਾ ਤਿਸ ਕੇ ਜੀਅ ਕੇ ਲਾਗੂ ਹੋਵਨਗੇ ਅਤੇ ਬਜਾਰ ਜੋ ਕਰਨਗੇ ਜਿਉਂ ਬਜਾਰ ਮਹਿ ਕਤੂੰਜੜੇ ਭਠਿਆਰੇ ਲੜਦੇ ਹੈਨ ਤਿਉਂ ਓਹ ਲੜ ਪਵਨਗੇ ਅਰ ਬਾਤਾਂ ਜੋ ਕਰਨਗੇ ਸੋ ਦੇਵਾਨਿਆਂ ਕੀਆਂ ਹੀ ਕਰਨਗੇ ਜਿਉਂ ਕੇਸੂ ਫੁੱਲਾਂ ਕਾ ਗੁੱਛਾ ਖਿੜ ਪਉਂਦਾ ਹੈ ਤਿਉ ਉਨਾਂ ਦਾ ਰੰਗ ਟੁੱਟ ਜਾਵੇਗਾ ਓਹ ਆਪ ਵਿੱਚ ਅਕੱਠੇ ਨ ਹੋਵਨਗੇ ਓਨਾਂ ਦਾ ਮੋਹ ਤਿਰੀਯਾ ਸੰਗ ਲਗ ਜਾਵੇਗਾ ਸਤਿਗੁਰੂ ਤੇ ਓਹ ਬੇਮੁਖ ਹੋਇ ਜਾਵਨਗੇ ਓਹ ਚਉਰਾਸੀ ਭਰਮਨਗੇ ਤਾਂ ਫੇਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਜੀ ਤੇਰੇ ਘਰ ਘਰ ਸਿਖ ਕਹਾਈਅਨਗੇ ਸੋ ਪੜ੍ਹਨਗੇ ਗਾਵਨਗੇ ਤਿਨਕੀ ਗੱਲ ਕਿਉਂਕਰ ਹੋਵੇਗੀ ਤਾਂ ਫੇਰ ਸਤਿ ਗੁਰੂ ਜੀ ਕਾ ਬੋਲਣਾ ਹੋਯਾ ॥

ਸ਼ਲੋਕ ॥ ਲੁਕਮੇ ਜੱਗ ਗਿਰਸਿਆ ਲੁਕਮੇ ਕੀ ਮਹਿਮਾ ਖੂਬ ॥ ਲੁਕਮੇ ਵਿੱਚਹੁ ਗਿਰਾਜਿਆ ਕਲੀ ਕਾਲ ਫਾਬਾ ਸਿੰਘ ਕਰਤੂਬ ॥ ਗਦਹਾ ਚੜ੍ਹਕੈ ਨਿਕਲੈ ਬਹਿ ਬਹਿ ਹੀਂ ਗਹਿ ਬਾਨ ॥ ਫਿੱਟ ਅਵੇਹਾ ਖਾਇਆ ਸਿਰ ਮਾਰੈ ਸ਼ੈਤਾਨ ॥ ੩੨ ॥ ਤਿਸਕਾ ਪਰਮਾਰਥ ਸੁਣ ਭਾਈ ਅਜਿੱਤਿਆ ਕਲਜੁਗ ਕੇ ਵਿਚ ਗੁਰੂ ਕੇ ਸਿੱਖ ਥੋੜੇ ਹੋਵਨਗੇ ਐਸਾ ਵਖਤ ਭੀ ਆਵੇਗਾ ਜਿੱਥੇ ਟੁਕੜਾ ਖਾਵਨਗੇ ਤਿੱਥੇ ਹੀ ਪੜ੍ਹਨਗ ਓਥੇ ਹੀ ਗੁਰੂ ਕਹਨਗੇ ਓਥੇ ਹੀ ਗਾਵਨ ਗੇ ॥ ਜੇਹੀ ਜਿਨਸ ਕੀ ਸਿੱਖੀ ਹੋਵੇਗੀ ਜਿਸਕਾ ਖਾਵਨਗੇ ਤਿਸ ਕਉ ਸਲਾਹਨਗੇ ਸਤਿਗੁਰੂ ਤੇ ਭੁੱਲ ਜਾਵਨਗੇ ਸੋ ਲੁਕਮਾ ਇਹ ਹੋਇ ਲੱਗੇਗਾ ਜਿਉਂ ਸਿੰਘ ਕਾਲ ਕੀ ਫਾਸੀ ਵਿਚ ਫਾਸਦਾ ਹੈ ਖਾਣਾ ਪੀਣਾਂ ਭੁੱਲ ਜਾਂਦਾ ਹੈਸੁ ਜੀਅ ਕੀ ਪਉਂਦੀ ਹੈਸੁ ਤਿਉ ਓਨਾਂ ਕਉ ਭੀ ਇਕ ਦਿਨ ਜੀਅ ਕੀ ਪਵੇਗੀ ਖਾਣਾ ਪੀਣਾ ਭੁੱਲ ਜਾਵੇਗਾ ਜਿਉਂ ਕਰ ਗਧਾ ਮਸਤ ਹੋਇ ਕਰ ਹੀਂਗਦਾ ਹੈ ਤਿਉਂ ਓਹ ਗਾਵਨਗੇ ਇਕ ਦਿਨ ਜਮਕੇ ਹਵਾਲੇ ਹੋਵਨਗੇ ਤਾਂ ਬਿਲਲਾਵਨਗੇ ਦੁਖ ਪਾਵਨਗੇ ਤਾਂ ਆਖਨਗੇ ਜੋ ਫਿੱਟ ਮੂੰਹ ਇਸ ਅਸਾਡੇ ਖਾਧੇ ਦਾ ਜੋ ਇਹ ਹਵਾਲ ਹੋਯਾ ਆਖਨਗੇ ਜੋ ਅਸੀ ਗੁਰੂ ਤੇ ਭੁੱਲੇ ਹਾਂ ਤਾਂ ਫੇਰ ਓਹ ਵਕਤ ਪਾਵਨਗੇ ਨਾਹੀਂ ਫੇਰ ਬਖਸ਼ੀਅਨਗੇ ਨਾਹੀਂ ਕਯੋਂ ਜੋ ਖਾਨਾ ਦਾਨਾ ਗੁਰੂ ਜੀ ਦਾ ਅਰ ਸਲਾਹਣਾ ਮਨੁੱਖ ਦਾ ਪੱਛੋਤਾਵਨਗੇ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਕੋਈ ਜੋ ਕਿਸੀ ਕੀ ਸੇਵਾ ਕਰਦਾ ਹੈ ਸੋ ਬਾਇ

ਪਵੇਗੀ ਕਿ ਬਿਰਥੀ ਜਾਇਗੀ ਤਾਂ ਫੇਰ ਸ੍ਰੀ ਗੁਰੂ ਬਾਬੇ ਕਾ ਬੋਲਣਾ ਹੋਯਾ ॥ ਸ਼ਲੋਕ ॥ ਸੇਵਕ ਮੋਹਨਿ ਵਿਟੋਲੈ ॥ ਕਾਗ ਜੋਨ ਵਿਸਟਾ ਫੋਲੈ ॥ ਕਰੈ ਸੇਵਾ ਸਤਿਗੁਰੂ ਨ ਭਾਵੈ॥ ਸੋ ਸੇਵਕ ਸੇਵਾ ਖੋਇ ਜਾਵੈ॥ ਲਿਖਿਆ ਲੇਖ ਨਾਹੀ ਧੁਰਿ ਰੰਗ॥ ਨਾਨਕ ਤਿਸ ਤੇ ਚੁੱਪੈ ਚੰਗ ॥ ੩੩ ॥ ਤਿਸਕਾ ਪਰਮਾਰਥ ॥ ਜੋ ਸੇਵਕ ਹੋਇਕੇ ਗਰਬੈ ਜੋ ਮੈਂ ਅਜੇਹੀ ਸੇਵਾ ਕਰਦਾ ਹਾਂ ਮੈਂ ਭੀ ਕੁਛ ਹੋਯਾ ਹਾਂ ਤਿਸਕੀ ਜੂਨ ਕਾਗਦੀ ਹੋਂਦੀ ਹੈ ਓਸਦੇ ਮੂੰਹ ਵਿੱਚ ਵਿਸ਼ਟਾ ਮਿਲਦੀਹੈਜੋਕੁਛ ਕਰਕੇ ਮਨ ਵਿਚ ਗਰਬ ਕਰਦਾ ਹੈ ਅਰ ਆਖਦਾ ਹੈ ਜੋ ਮੈਂ ਗੁਰੂ ਕਉ ਕੁਛ ਦੇਂਦਾ ਹਾਂ ਅਰ ਗੁਰੂ ਕੇ ਭਾਣੇ ਚੱਲੇ ਨਾਹੀਂ ਤਾ ਓਹ ਸੇਵਕ ਗੁਰੂ ਕੋ ਨਾਹੀਂ ਭਾਉਂਦਾ ਓਹ ਸੇਵਾਆਪਣੀਖੋਇ ਜਾਂਦਾ ਹੈ ਲਿਖਿਆ ਲੇਖ ਨਾਹੀਂ ਧੁਰ ਅੰਗ॥ ਉਨਾਂ ਦੇ ਸਿਰ ਧੁਰਦਾ ਲਖਲਿਖਿਆ ਹੋਯਾ ਹੈ ਸੋ ਟਲਣੇ ਕਾ ਨਾਹੀਂ ਓਹ ਦੇਖੋ ਦੇਖੀ ਸੇਵਾ ਕਰਦੇ ਹੈਨ ਪਰ ਰੰਗ ਨਹੀਂ ਲਗਦਾ ਅਤੇ ਚੁੱਪ ਚੰਗੀ ਹੈ ਸੋ ਕੀ ਹੈ ਸੋ ਬੁੱਧ ਹੈ ਜਿਉਂ ਕਰ ਸੰਤੋਖ ਮੇਂ ਰਹ ਤਾਂ ਇਸ ਸੇਵਾ ਤੇ ਫਲ ਲਗਦਾਹੈ ਨਾਨਕ ਭਾਂਣੇ ਚੁੱਪ ਚੰਗੀ ਹੈ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਕਲੀ ਕਾਲ ਕੇ ਵਿਖੇ ਸੰਸਾਰੀ ਸਾਧ ਕਿਸਨੋਂ ਕਹਿਨਗੇ ਅਰ ਕਿਸਨੂੰ ਪੂਜਨਗੇ ਤਾਂ ਫੇਰ ਬੋਲਣਾ ਹੋਯਾ ॥ ਸ਼ਲੋਕ ॥ ਸਾਧ ਕਹਾਇ ਮੁਖ ਬੁਰਾ ਜੋ ਬੋਲੈ ॥ ਜੀਆਂਘਾਤਕਰ ਅਨਰਥ ਤੋਲੇ ॥ ਲਹੈ ਸਜਾਇ ਦਰਗਾਹ ਨਾਹੀ ਢੋਇ॥ ਕਹੁ ਨਾਨਕ ਤਿਨ ਮਿਲਿਆਂ ਮੁਕਤ ਨ ਹੋਈ ॥ ੩੪ ॥ ਤਿਸਕਾ ਪਰਮਾਰਥ ॥ ਗੁਰੂ ਜੀ ਕਹੈਂ ਭਾਈ ਅਜਿੱਤਿਆ ਕਲੀਕਾਲ ਵਿਖੇ ਜਿਨਾ ਨੂੰ ਸੰਸਾਰ ਸਾਧ ਕਰਕੇ ਪੂਜਗਾ ਸੋ ਕੁਚਲਨ ਚਾਲ ਚੱਲਣਗੇ ਕੁਬਾਨ ਬੋਲਨਗੇ ਓਹ ਸਾਧ ਕਰਕੇ ਮੱਥਾ ਟੇਕਨ ਜਾਵਨਗੇ ਅਤੇ ਓਹ ਅੱਗੋਂ ਬੁਰਾ ਬੋਲਣਗੇ ਅਤੇ ਮਨ ਤੇ ਦਇਆ ਨ ਹੋਵੇਗੀ ਬੇਮੇਹਰ ਹੋਵਨਗੇ ਸੋ ਅਨਰਥ ਕਉ ਤੋਲਨਗੇ ਅਤੇਓਹਅਤਿ ਸਜਾਇ ਪਾਵਨ ਗੇ ਦਰਗਾਹਿ ਢੋਈ ਨਾਮਿਲੰਗੀ ਓਹ ਚੌਰਾਸੀ ਫੇਰ ਪਾਵਨਗੇ ਅਤੇ ਨਰਕ-ਗਾਮੀ ਹੋਵਨਗੇ ਅਤੇ ਜੋ ਕੋਈ ਉਨਾਂ ਕਉ ਪੂਜੇਗਾ ਸੋ ਮੁਕਤ ਨਾ ਪਾਵੇਗਾ ਅਤੇ ਨਿਹਫਲ ਜਾਵੇਗਾ ਨਾਨਕ ਤਿਨ ਮਿਲਿਆ ਮੁਕਤ ਨ ਹਇ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀਹੇਸੱਚੇ ਪਾਤਸ਼ਾਹ ਜੋ ਸਾਧ ਤੇਰੇ ਮਨ ਭਾਣੇ ਹੈਨ ਤਿਨਕੀ ਕਿਆ ਚਾਲੀ ਹੈ ਤਾਂ ਬੋਲਣਾ ਹੋਯਾ ॥

ਸ਼ਲੋਕ ॥ ਸਾਧ ਕੀ ਮਹਿਮਾਂ ਬੇਦ ਨ ਜਾਣੈ ਓਹ ਗਰਭ ਜੋਨ ਨਹੀਂ ਆਇ॥ ਓਹ
ਬੁਰਾ ਨ ਬੋਲਣ ਕੁਬਚਨ ਨ ਬੋਲਹਿ ਗੁਰਮੁਖ ਸ਼ਬਦਸਮਾਇ॥ ਸਦਾ ਹਜੂਰਰਹੇਸੰਗ
ਰਾਤੇ ਮਾਤੇ ਸਦਾ ਖੁਮਾਰੀ॥ ਰਾਗ ਨਿਰੰਤਰ ਮਿਲਹਿ ਨਿਵਾਸੀ ਸਹਜਿ ਲਗੀ ਧੁਨ
ਕਾਰੀ॥ ਗੁਪਤ ਬਾਣੀ ਕੋ ਵਿਰਲਾ ਬੂਝੈ ਕਛੂ ਨ ਜਾਇ ਕਹਿਣਾ॥ ਕਹੁ ਨਾਨਕ ਤਿਨ
ਹੋਇ ਪਰਾਪਤਿ ਜਿਸ ਪੁਰਬ ਲਿਖੇ ਕਾ ਲਹਿਣਾ ॥ ੩੫ ॥ ਤਿਸਕਾ ਪਰਮਾਰਥ

ਭਾਈ ਅਜਿੱਤਿਆ ਸਾਧ ਕੀ ਮਹਿਮਾਂ ਬੇਦ ਭੀ ਨਹੀਂਜਾਨਤਾ ਬੇਦ ਜੋ ਹੈ ਸੋ ਤ੍ਰਿਹ ਗੁਣਾਂ ਕੀਆਂ ਬਾਤਾਂ ਕਰਤਾ ਹੈ ਚਉਥੇ ਗੁਣ ਕਉ ਨਾਹੀਂ ਜਾਨਤਾ ਚਉਥਾ ਬੇਦ ਜੋ ਹੈ ਸੋਸਿਤਹਹੀਨ ਤਿਨਾ

ਕੀ ਬੇਦ ਕੋ ਭੀ ਖ਼ਬਰ ਨਾਹੀਂ ਅਤੇ ਸੰਤਾਂ ਕੀ ਖ਼ਬਰ ਓਹ ਅਕਾਲ ਪੁਰਖ ਆਪਹੀ ਜਾਣੇ ਅਥਵਾ ਸੰਤਾਂ ਕੀ ਮਹਿਮਾ ਸੰਤ ਹੀ ਜਾਣਹਿ ਓਹ ਅੰਤਰ ਆਤਮੇ ਕੇ ਸਮਾਇ ਰਹੇ ਹੈਨ ਅਨਹਦ ਸ਼ਬਦ ਕੇ ਸਾਥ ਉਨਕੀ ਆਠ ਪਹਿਰ ਲਿਵ ਲਾਗ ਰਹੀ ਹੈ ਅਤੇ ਖੁਮਾਰੀ ਉਤਰਤੀ ਨਾਹੀਂ ਨਾਮ ਦੇ ਸੰਗ ਰਚ ਰਹੇ ਹੈਨ ਦੁਨੀਆਂ ਕੀ ਸੁਰਤਿ ਭੁਲ ਗਈ ਹੈ ਸੱਤ ਗੁਰੂ ਨਾਲ ਸਮਾਏ ਤਾਂ ਕਉਣ ਬੋਲੇ ਤ ਕਉਣ ਬਚਨ ਹੋਇ ਜਬ ਐਸਾ ਹੂਆ ਤਬ ਸੰਸਾਰ ਤੇ ਉਲਟਾ ਹੋਯਾ ਅਤੇ ਬਾਣੀ ਭੀ ਉਸਕੀ ਉਲਟੀ ਹੋਇ ਜਾਤੀ ਹੈ ਕਉਣ ਸਮਝੇ ਕਉਣ ਬੀਚਾਰੇ ਕੋਈ ਗੁਰਮੁਖ ਸਮਝੇ ਜਿਸਕੇ ਪੂਰਬ ਕਾ ਲਹਿਣਾ ਹੋਵੇਗਾ ਜਿੱਥੈ ਸੰਤ ਹੋਵਨਗੇ ਓਥੇ ਕਲੀ ਕਾਲ ਦੇ ਲੋਕ ਉਨਾਂ ਦੀ ਨਿੰਦਾ ਕਰਨਗੇ ਉਨਾਂ ਕੋ ਚੋਰ ਯਾਰ ਕਹਿਨਗੇ ਤਾਂ ਫੇਰ ਅਜਿੱਤੇ ਰੰਧਾਵ ਨੇ ਅਰਦਾਸ ਕੀਤੀ ਹੇ ਸੱਚੇ ਪਾਤਸ਼ਾਹ ਜੀ ਉਸ ਵਖਤ ਕਿਸੇ ਨੂੰ ਸਨਮੁਖ ਰੱਖੇਗਾ ਕਿ ਨਹੀਂ ਸ੍ਰੀ ਗੁਰੂ ਨਾਨਕ ਜੀ ਕਹੈਂ ਬਚਾ ਜਿਸਦੇ ਪੂਰਬ ਮਸਤਕ ਲੇਖ ਲਿਖਿਆ ਹੈ ਸੋ ਹੋਵੇਗਾ ਤਿਸਨੋਂ ਏਹ ਵਸਤ ਪ੍ਰਾਪਤ ਹੋਵੇਗੀ॥ ਸ਼ਲੋਕ ॥ ਗੁਹਜ ਕਥਾ ਲੇ ਮਨ ਮਹਿ ਰਾਖੈ ॥ ਓਅੰਕਾਰ ਅੱਖਰ ਚਿਤ ਮਹਿ ਭਾਖੈ ॥ ਕਰੇ ਨਮਸਕਾਰ ਪੂਰੇ ਗੁਰਦੇਵਾ ॥ ਨਾਨਕ ਮਿਲਿਐ ਅਲਖ ਅਭੇਵਾ ॥੩੬॥ ਤਿਸਕਾ ਪਰਮਾਰਥ ॥ ਬੱਚਾ ਅਜਿੱਤਿਆ ਗੁਹਜ ਕਥਾ ਜੋ ਹੈ ਸੋ ਸ਼ਬਦ ਹੈ ਤਿਸਕੋ ਵਿਰਲਾ ਹੀ ਮਨ ਵਿੱਚ ਰਖੇਗਾ ਅਰ ਅੱਖਰ ਜੋ ਭਾਖੇ ਸੋ ਕੀ ਭਾਖੇ ਅੱਖਰ ਜੋ ਹੈ ਸੋ ਏਕੰਕਾਰ ਹੈ ਸ੍ਰਿਸ਼ਟ ਕਰਤਾ ਉਨਕੀ ਦੀਖਿਆ ਸਚ ਸ਼ਬਦ ਹੈ ਤਾਂ ਓਹ ਸਚ ਸ਼ਬਦ ਕਿਸਤੋਂ ਪਾਈਐ ਸੋ ਪੂਰੇ ਗੁਰੂ ਤੋਂ ਪਾਈਐ ਤੂੰ ਕਰ ਨਮਸਕਾਰ ਪੂਰੇ ਗੁਰਦੇਵ ਕੋ ਨਾਨਕ ਮਿਲੀਐ ਅਲਖ ਅਭਵ ਸੋ ਮਨ ਕਿਤੇ ਬਾਤ ਪਰ ਭਿਜਦਾ ਨਾਹੀਂ ਸਸੱਚ ਸ਼ਬਦ ਪਰ ਭਿਜਦਾ ਹੈ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਕਿਛ ਪੁੰਨ ਦਾਨ ਭੀ ਫਲਦਾ ਹੈ ਕਿ ਨਹੀਂ ਤਾਂ ਬੋਲਣਾ ਹੋਯਾ

ਸ਼ਲੋਕ ॥ ਕਰੈ ਦਾਨ ਜੋ ਗੁਰਕੇ ਭਾਵੈ ॥ ਉਹ ਫਿਰ ਨਹੀਂ ਜੂਨੇ ਜਨਮ ਨ ਆਵੈ ॥
ਨਾਨਕ ਸੱਚੀ ਦਰਗਹਿ ਪਹਿਰਾ ਜਾਵੈ ॥ ੩੭ ॥ ਤਿਸਕਾ ਪ੍ਰਮਾਰਥ ॥ ਸੁਣ ਭਾਈ

ਅਜਿੱਤਿਆ ਏਹ ਜੋ ਦਾਨ ਕਰਦੇ ਹੈਨ ਸੋ ਸਉਦਾ ਕਰਦੇ ਹੈਨ ਸੋ ਕੈਸਾ ਸਉਦਾ ਕਰਦੇ ਹੈਨ ਜੋ ਮੇਰੇ ਦੂਣੇ ਹੋਵਨ ਜਾਂ ਸਵਾਏ ਹੋਵਨ ਅਰ ਕਹਿੰਦਾ ਹੈ ਜੋ ਮੈਂ ਕਰਦਾ ਹਾਂ ਸੋ ਮੈਂ ਪਾਵਾਂਗਾ ਜੋ ਦਾਨ ਕਰਕੇ ਫਲਤਾ ਹੈ ਸੋ ਫੇਰ ਗਰਭ ਮਹਿ ਆਵਤਾ ਹੈ ਅਤੇ ਜੋ ਸਤਿਗੁਰੂ ਨੂੰ ਦਾਨ ਭਾਂਵਦਾ ਹੈ ਸੋਈ ਅੱਛਾ ਹੈ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਜੀ ਓਹ ਕਹੜਾ ਦਾਨ ਹੈ ਜੋ ਸਤਿਗੁਰ ਨੂੰ ਭਾਂਵਦਾ ਹੈ ਤਾਂ ਸ੍ਰੀ ਗੁਰੂ ਨਾਨਕ ਜੀ ਕਹੈਂ ਬੱਚਾ ਅਜਿੱਤਿਆ ਸਤਿਗੁਰਾਂ ਨੂੰ ਏਹ ਦਾਨ ਭਾਂਵਦਾ ਹੈ ਜੋ ਸਿੱਖ ਸਤਗੁਰਾਂ ਦੇ ਨਮਿੱਤ ਦਾਨ ਕਰੇ ਅਤੇ ਕਰੇ ਕਿਆ ਜੋ ਆਪਣਾ ਆਪ ਨਾ ਜਣਾਵੇ ਅਤ ਜੋ ਕੁਛ ਕਰਦਾ ਹੈ ਤਾਂ ਆਖਦਾ ਹੈ ਜੋ ਮੇਰਾ ਇਸਮੋਂ ਕੁਛ ਨਹੀਂ ਸਭ ਕੁਛ ਸ੍ਰੀ ਗੁਰੂ ਕਾ ਹੈ ਤੇ ਦਾਤਾ ਭੁਗਤਾ ਸਤ ਗੁਰੂ ਆਪ ਹੈ ਔਰ ਸਾਸ ਸਾਸ ਸ੍ਰੀ ਗੁਰੂ ਜੀ ਕਾ ਜਾਪ ਕਰੇ ਹੇ ਅਜਿੱਤਿਆ ਨਾਮ ਤੁੱਲ ਕੁਛ ਅਵਰ ਨਾਹੀਂ ਹੇ ਬੱਚਾ ਉਸਕਾ ਦਾਨ ਸਤਿਗੁਰਾਂ ਕੋ ਭਾਂਵਦਾ

ਹੈ ਓਹ ਦਾਨ ਫਿਰ ਫੁਲਤਾ ਨਹੀਂ ਫੁਲਤਾਏਹਹੈ ਜੋ ਗਰਭ ਜੂਨ ਮੇਂਨਹੀਂ ਆਵਤਾਓਹਸੱਚੇ ਸੱਚ ਸਮਾਵਤਾ ਹੈ ਅਰ ਸੱਚੀ ਦਰਗਹਿ ਪਹਿਰਿਆ ਜਾਵੇਗਾ॥ ਸ਼ਲੋਕ ॥ ਆਦ ਪੁਰਖ ਤੇ ਸਭ ਡਰਪਾਨੀ ਨੈਨੀ ਨੀਂਦ ਬਿਲੋਵੈ॥ ਜੋ ਕੁਛ ਕਰਣਾ ਸੋ ਕਰ ਰਹਿਆ ਬਹੁਰ ਨਾ ਕਰਣਾ ਹੋਵੈ॥ ੩੮॥ ਤਿਸਕਾ ਪਰਮਾਰਥ ॥ ਭਾਈ ਅਜਿੱਤਿਆ ਸਭ ਕੁਛ ਆਦਿ ਪੁਰਖ ਕਾ ਕਰਣਾ ਹੋਂਦਾ ਹੈ ਜਿਉਂ ਤਿਸ ਭਾਵੇਗਾ ਤਿਉਂ ਹੀ ਕਰੇਗਾ ਇਕ ਸਮਾਐਸਾ ਆਵੇਗਾ ਭਾਈ ਗੁਰੂ ਕਾ ਦਰਸ਼ਨ ਕਰਮਾਂ ਕਰ ਹੋਵੇਗਾਤ ਗੁਰੂਆਪਨੇ ਵੈਰਾਗਵਿੱਚਰਹੇਗਾ ਅਤੇ ਸਿੱਖ ਪੁੱਤ੍ਰ ਕੋਈ ਨਜ਼ਦੀਕ ਨਾ ਆਵੇਗਾ ਬੱਚਾ ਬਾਣੀ ਗੁਰੂ ਕੀ ਅਗਮ ਅਗਾਧ ਹੈਪਰ ਇਹ ਪੰਜਾ ਮਹਿਲਾਂ ਵਿੱਚ ਹੋਵੇਗੀ ਜਾਂ ਪੰਜਵਾਂਜਾਮਾ ਗੁਰੂ ਪਾਵੇਗਾ ਤਾਂ ਮੁਹਿਰ ਹੋਵੇਗੀ ਤਿਸਤੇ ਪਿੱਛੇ ਗੁਰੂ ਭਾਣੇ ਕਾ ਖ਼ਸਮ ਹੋਵੇਗਾ ਓਸ ਸਮੇ ਹੋਰਹੀ ਸਾਂਗ ਗੁਰੂ ਕਰਗਾ ਪਰ ਜਦੋਂ ਗੁਰੂ ਨਾਵਾਂ ਜਾਮਾ ਪਹਿਰੇਗਾ ਅਤੇ ਛੀਵੀਂ ਪਾਤਸ਼ਾਹੀਬਾਬਰ ਕੀ ਹੋਵੇਗੀਤਿਸਸਮੇਬੱਚਾਅਜਿੱਤਿਆ ਅਸੀ ਆਪਨਾ ਆਪ ਤਜਾਂਗੇ ਬਚਾ ਤਿਸ ਸਮੇ ਇਕ ਵੱਡਾ ਚੋਜ ਵਰਤੇਗਾ॥ ਸ਼ਲੋਕ ਮਲੇਛ ਜਾਮਾ ਬਹੁਤ ਹੋਇਕੈ ਕਰੇ ਹਿੰਦੂਆਂ ਪਰ ਜੋਰ॥ ਇਕ ਵਰਨ ਸਭ ਸ੍ਰਿਸ਼ਟਹੋਇਵਰਤੇ ਹੋਵੇ ਧੁੰਧੂਕੋਰ॥ ਹਿੰਦ ਧਰਮ ਕੇ ਕਾਰਣੇ ਕਰੇਂਗਾ ਭਾਰੀ ਸਾਂਗ॥ਨਾਵਾਂ ਜਾਮਾਪਲਟ ਕੇਦਸਵਾਂ ਪਹਿਰ ਤਾਂਗ॥ ਜੈ ਕਾਰ ਕਰੇ ਸਭ ਜਗਤ ਮੇਂ ਓਹੀ ਨਾਨਕ ਸ਼ਾਹ॥ ਸੰਤ ਜਨਾਂ ਕੇ ਕਾਰਣੇ ਦੁਸਟਾਂ ਮਾਰੇ ਧਾਇ॥ ੩੯॥ ਤਿਸਕਾ ਪਰਮਾਰਥ ॥ ਭਾਈ ਅਜਿਤਿਆ ਓਹ ਅਜੇਹਾ ਜਾਮਾ ਆਵੇਗਾ ਜੋ ਮਲੇਛ ਹਿੰਦੂਆਂ ਪਰ ਬਹੁਤ ਜ਼ੋਰ ਕਰਨਗੇ ਅਤੇ ਮਲੇਛ ਕਹੇਗਾਕਿਜਹਾਂ ਤਕ ਮੇਰੀ ਪਾਤਸ਼ਾਹੀ ਹੈ ਤਹਾਂ ਤੀਕਰ ਹਿੰਦੂ ਸਭ ਇਕ ਵਰਣ ਹੋਇ ਜਾਨ ਅਤੇ ਜੋ ਕੋਈ ਹਿੰਦੂਆਂ ਦੇ ਪੀਰ ਹੈਨ ਔਰਠਾਕਰ ਦੁਆਰੇ ਤੇਤੀਰਥ ਹੈਸਭਕੋਬੰਦਕਰਲੇਵੇਂ ਗਾਤਾਂਹਿੰਦੂਆਂ ਕੋ ਕੋਈ ਉਪਾਵ ਹੱਥ ਨਾ ਆਵੇਗਾ ਜਹਾਂ ਤੀਕਰ ਹਿੰਦੂ ਹੈਨ ਸਭ ਸੁੰਨ ਹੋਇਜਾਵੇਂਗੇ ਤਿਸ ਕਰਕੇ ਸੰਤ ਜਨਾਂ ਕਉ ਬਹੁਤ ਕਸੀਸ ਪਹੁਚੇਗੀ ਭਾਈ ਅਜਿਤਿਆ ਤਿਸਮੇਸੰਤਾ ਕੇ ਕਾਰਣ ਔਰ ਗਊ ਬ੍ਰਹਮਨਾਂ ਦੇ ਪਿੱਛੇ ਗੁਰੂ ਅਪਨੇ ਸੀਸ ਉਪਰ ਭਾਰ ਲੇਵੇਗਾ ਤਿਸ ਅਸਥਾਨ ਆਪਨੀ ਦੇਹੀ ਅਰਪ ਦੇਵੇਗਾ ਅਤੇ ਜੰਞੂ ਟਿੱਕੇ ਦੀ ਲਾਜਰਖ ਲਵੇਗਾਅਤੇ ਬੱਚਾਅਜਿੱਤਿਆ ਸੰਸਾਰ ਐਸਾ ਭੋਲਾ ਹੋਵੇਗਾ ਗੁਰੂ ਕੀ ਨਿੰਦਾ ਕਰਨਗੇ ਕਹਿਣਗੇ ਜੇ ਗੁਰੂ ਪਾਸ ਕੁਛ ਹੋਂਦਾ ਤਾਂ ਆਪਨਾ ਆਪ ਜ਼ਾਹਰ ਕਰਦੇ ਅਤੇ ਜੋ ਪ੍ਰਤੀਤ ਵਾਲੇ ਸਿੱਖ ਸੰਤ ਹੋਨਗੇ ਸੋਕਹਿਨਗੇ ਧੰਨ ਸਾਡਾ ਸਤਗੁਰੂ ਹੈਪਰਮਾਰਥ ਵਾਸਤੇ ਸਤਗੁਰਾਂ ਆਪਣਾ ਆਪ ਤਜ ਦਿੱਤਾ ਹੈ ਬਚਾ ਅਜਿਤਿਆ ਜੇਕਰ ਉਸਸਮੇ ਗੁਰੂ ਆਪਣੀ ਦੇਹੀ ਨਾ ਛੋਡੇਗਾ ਤਾਂ ਜਿਥੋਂ ਤੀਕਰ ਹਿੰਦਹੋਵੇਗੀ ਸੋ ਸਭਇਕ ਵਰਨ ਹੋ ਜਾਵੇਗੀ ਪਰ ਬਚਾ ਸੰਤ ਜ਼ਨਾਦੇ ਕਾਰਣੇ ਗੁਰੂ ਸੰਸਾਰ ਕੀ ਰਖਜਾ ਕਰੇਗਾ ਅਤੇ ਬੱਚਾ ਫੇਰ ਦਸਵਾਂ ਜਾਮਾ ਅਜੇਹਾਪਹਿਰਬੈਠੇਗਾ ਜੋਜਿੱਥੇ ਸੰਤਾ ਦਾਦੋਖੀਹੋਵੇਗਾ ਉਸਨੂੰ ਧਾਇ ਮਾਰੇਗਾ ਫੇਰ ਨਵਾਂ ਧਰਮ ਚਲਾਵੇਗਾ॥ ਸ਼ਲੋਕ॥ ਬਾਬਾ ਪਹਿਲੇ ਮਹਿਲ

ਸੀ ਦਸਵਾਂ ਪ੍ਰਗਟ ਸੀ ਆਇ ॥ ਜਿਸਨੋ ਬਖਸ਼ੇ ਨਾਨਕਾ ਤਿਸਨੂੰ ਦੇਇ ਬੁਝਾਇ ॥ ੪੦ ॥

ਤਿਸਕਾ ਪਰਮਾਰਥ ॥ ਭਾਈ ਅਜਿੱਤਿਆ ਏਹ ਜੋ ਪਹਿਲਾ ਸਰੂਪ ਹੈ ਸੋ ਦਸਵਾਂ ਇਸਥੀਂ ਨਿਰਾਲਾ ਹੋਇਗਾ ਅਤੇ ਵਿਚ ਵਿਚ ਜੋ ਜਾਮੇ ਪਹਿਰੇਗਾ ਸੋਸੰਜਮਵਿੱਚਰਹੇਗਾ ਆਪਨਾ ਆਪ ਸ਼ਬਦ ਵਿੱਚ ਜ਼ਾਹਰ ਕਰੇਗਾ ਪਰ ਦਸਵੇਂ ਜਾਮੇ ਆਪਨਾ ਆਪ ਜ਼ਾਹਰ ਕਰੇਗਾ ਅਤੇ ਆਪਨਾ ਪੰਥ ਹਿੰਦੂਆਂ ਤੇ ਮੁਸਲਮਾਨਾਂਤੇ ਨਿਆਰਾ ਪ੍ਰਗਟਾਵੇਗਾ ਅਤੇਇਕਵਾਕਐਸਾ ਕਰਸੀ ਤਿਸ ਵਾਕ ਸੇ ਸਿੱਖੀ ਕਾ ਮੂਲ ਬੱਝੇਗਾ ਪਰ ਸੁੰਨ ਹੀ ਰਹੇਗਾ ਅਤੇ ਦਰਸ਼ਨ ਅਵੇਹਾ ਹੋਇਗਾ ਜੈਸਾ ਕਰੜੀ ਕਮਾਨਦਾ ਤੀਰ ਹੋਂਦਾਹੈ ਔਰ ਜੋ ਮਸਤਕ ਲੱਗੇਗਾ ਸੋਉਸਦਾਉਧਾਰ ਹੋ ਜਾਵੇਗਾ ਅਤੇ ਜੋ ਕੋਈ ਓਸਕੇ ਬਚਨ ਪਰ ਮੁਹਕਮ ਰਹੇਗਾ ਨਾਤਰ ਸਿਘਣੀ ਜਾਵੇਗੀ ਅਵੇਹਾ ਬਚਨ ਕਰੜਾ ਕਰੇਗਾ ਜੋ ਸਨਮੁਖ ਕੋਈ ਖੜਾ ਨ ਹੋਇ ਸਕੇਗਾਹੇਭਾਈਅਜਿੱਤਿਆ ਉਸ ਸਮੇਂ ਅਵੇਹਾ ਹੋਵੇਗਾ ਕਿ ਕੋਈ ਆਪਣੇ ਗੁਰਪੀਰਕਉ ਨ ਜਾਣੇਗਾਨਾਸ਼ੇਭਾਵੇਵੇਗਾਅਤੇ ਆਪੋ ਆਪਣੇ ਮਾਰਗ ਚਲੇਗਾ ਤੇ ਗੁਰੂ ਅਵੇਹਾ ਹੋਇਬੈਠੇਗਾ ਜੋ ਆਪਣੀ ਕਲਾ ਰੱਖੇਗਾਤਾਂ ਉਸ ਸਮੇ ਸਿੱਖ ਅਰਦਾਸ ਕਰਨਗੇ॥ ਸ਼ਲੋਕ ॥ ਇੰਦ੍ਰਾਦਿਕ ਬ੍ਰਹਮਾਦਕਾ ਭਗਤਾਂ ਕੇ ਅਵਤਾਰ॥ ਹਾਥਜੋੜ ਬਿਨਤੀ ਕਰਹਿਠਾਂਢੇ ਆਇ ਦੁਆਰ॥ ਸੁੰਨਮੰਡਲਕੇ ਕਾਰਣੇ ਹਰਿ ਏਹ ਕਰਹੁ ਸ਼ੀਗਾਰ॥ ਜਾਮਾ ਰੱਖੋ ਅੰਕ ਕਾ ਨਾਨਕ ਮੁਕਤ ਪਾਏ ਸੰਸਾਰ॥ ੪੧॥ ਤਿਸ ਕਾ ਪਰਮਾਰਥ॥ ਬੱਚਾਸਿੱਖਅਰਦਾਸਕਰਨਗੇਇੰਦ੍ਰਾਦਿਕਬ੍ਰਹਮਾਦਿਕ ਭਗਤ ਜਨਾਂਕੇ ਅਉਤਾਰ ਓਹ ਹੱਥਜੋੜਕਰ ਅਰਦਾਸ ਕਰਣਗੇ ਚੰਦ ਸੂਰਜ ਅਕਾਸ਼ ਪਉਣ ਪਾਣੀ ਏਹ ਸਤਿ ਗੁਰੂ ਪਾਸ ਗੁਪਤ ਅਰਦਾਸ ਕਰਨਗੇ ਜੋ ਹੇ ਪਾਰਬ੍ਰਹਮਜੀ ਏਹਮੰਡਲ ਬਿਨਾਂਤੇਰੀਜੋਤਸੁੰਨ ਹੋਇ ਜਾਵੇਗਾ ਤੇ ਗੁਰੂ ਕੇ ਸ਼ਬਦ ਬਿਨਾਂ ਮੰਡਲ ਖਾਲੀ ਰਹੇਗਾ ਸੰਸਾਰਸਭ ਭ੍ਰਿਸ਼ਟ ਹੋਇ ਜਾਵੇਗਾ ਭਾਈ ਜਿਤਨਾਚਿਰਗੁਰੂਵਰਤੇਗਾਤਿਚਰਸੰਸਾਰਮੋਂ ਭਉ ਹੋਇ ਗਾ ਭਾਈਸ੍ਰੀ ਸਤਿ ਗੁਰੂ ਜੀ ਕੇ ਜਾਮੇਤੋਂ ਬਗੈਰ ਭਾਉਭਗਤੀਨਹੀਂ ਹੋਵੇਗੀ ਅਤੇ ਬਿਨਾਂ ਭਾਉ ਭਗਤ ਹਮ ਕਿਉਂ ਕਰ ਰਹੇਂਗੇ ਅਤੇ ਸੰਸਾਰ ਮੇਂ ਕਿਉਂ ਕਰ ਕੋਈ ਮੋਖ ਪਾਵੇਗਾ ਅਤੇ ਕਿਉਂ ਕਰ ਕੋਈ ਪਾਰਗ੍ਰਾਮੀ ਹੋਵੇਗਾ ਬਿਨਾਂ ਤੇਰੇ ਹੇ ਸੱਚੇ ਪਾਤਸ਼ਾਹ ਜਬਤੇ ਸਬਦਨਾਲੋਂ ਬੋਧ ਰੂਪ ਕੀਤਾ ਫਿਰ ਖਲੋਨਗੇ ਕੋਈ ਕਿਸੇ ਕਉਂ ਬਦੇਂਗੇ ਨਾਹੀਂ ਸਭ ਆਪਣੇ ਮਤ ਮੇਂ ਚਲਨਗੇ ਕੋਈ ਐਸਾ ਜਵਾਬ ਹੋਵੇ ਜੋ ਕਲੀ ਕਾਲਮੋਂ ਮੋਖ ਪ੍ਰਾਪਤ ਹੋਵੇ ਜੀ ਤਾਂ ਫੇਰ ਗੁਰੂ ਜੀ ਕਹਿਆ ਬੱਚਾ ਅਜਿੱਤਿਆ ਜਬ ਏਹ ਅਰਦਾਸ ਸਿੱਖ ਕਰਨਗੇ ਤਾਂ ਉਨਾਂ ਦੇ ਵਾਸਤੇ ਇਕ ਰੰਚਕ ਦੀਵਾਨ ਲਗੇਗਾ ਇਕੰਤ ਮਹਲ ਗੁਰੂ ਹੋਇ ਬੈਠੇਗਾ ਜੋ ਕੋਈ ਉਸ ਵਕਤ ਦਰਸ਼ਨ ਕਰੇਗਾ ਸੋ ਨਿਹਾਲ ਹੋਵੇਗਾ ਅਤੇ ਜਨਮ ਮਰਣ ਤ ਰਹਿਤ ਹੋਵੇਗਾ ਅਤੇ ਬੱਚਾ ਗੁਰੂ ਸੰਜਮ ਇਕਐਸਾ ਕਰੇਗਾ ਸਿੱਖੀ ਕਾ ਬੀਜ ਰਖਜਾਵਨਗੇ ਅਤੇ ਬੱਚਾ ਜੇਕਰ ਗੁਰੂਏਨਾਂ ਭਗਤਾਂ ਸਿੱਖਾਂਦੀ ਅਰਦਾਸ ਨਾ ਸੁਣਦਾ ਤਾਂ ਜਿੱਥੋਂ ਤੀਕਰਨਉਂਖੰਡ ਪ੍ਰਿਥਵੀਹੈਸੀ ਸੋਸਭ ਭ੍ਰਿਸ਼ਟ ਹੋਇਜਾਤੀ ਇਹ ਪਉਣ

ਪਾਣੀ ਧਰਤੀ ਅਕਾਸ਼ ਚੰਦਸੂਰਜ ਤਿਚਰਾਂ ਤਾਂਈ ਕਾਇਮ ਹੈਨ ਜਿਤਨਾ ਚਿਰ ਗੁਰੂਹੈਨਾਹੀਂ ਤਾਂ ਏਹਭੀ ਠਹਿਰਨਗੇ ਨਾਹੀਂ ਪਰ ਬੱਚਾ ਤੁਰਕਾਇਣ ਸਤਿਗੁਰਾਂਕਾ ਬਹੁਤ ਪਿੱਛਾ ਕਰਨਗੇ ਪਰ ਗੁਰੂ ਉਨਕਉ ਮਿਲਨਗੇ ਨਾਹੀਂ॥ ਤਾਂ ਅਜੱਤੇਅਰਦਾਸ ਕੀਤੀਜੀਸੱਚੇਪਾਤਸ਼ਾਹ ਜੀ ਇਕ ਵਿਸਵਾਸ ਮੇਰੇ ਮਨ ਵਿੱਚਹੈ ਕਿਉਂਕੇ ਆਪਕਾ ਬੋਲਣਾ ਹੋਯਾ ਸੀ ਜੋ ਬਾਬਰ ਮੇਰਾ ਭਗਤਹੈ ਅਤੇ ਭਗਤੀ ਕਰਕੇ ਪਾਤਸ਼ਾਹੀ ਲਈ ਹੈਸ ਹੇ ਸੱਚੇਪਾਤਸ਼ਾਹਜੀ ਏਹ ਆਪਕਾ ਹੀ ਸਿੱਖ ਹੋਇਕਰਅਤੇ ਆਪਕਾ ਹੀ ਪਿੱਛਾ ਕਰੇਗਾ ਹੇ ਗ਼ਰੀਬਨਿਵਾਜ਼ ਜੀ ਮੇਰੀ ਏਹਭੀ ਨਿਸ਼ਾ ਕਰੋਜੀ ਜੋ ਕਿਉਂਕਰ ਬਾਦਸ਼ਾਹੀ ਬਾਬਰ ਕੋ ਬਖਸ਼ੀ ਜੀ ਤਾਂ ਸ੍ਰੀ ਗੁਰੂ ਨਾਨਕ ਜੀ ਨੇ ਸ਼ਲੋਕ ਉਚਰਿਆ॥ ਸ਼ਲੋਕ ॥ ਬਾਬਰ ਧਾਣਾ ਕਾਬਲੋਂ ਆਇਆ ਹਿੰਦੁਸਤਾਨ ॥

ਪਹਿਲੋਂ ਮਾਰਿਆ ਸੈਦਪੁਰ ਬਹੁਤ ਹੋਈ ਕਤਲਾਮ॥ ਰਹਿੰਦੇ ਬੰਦੀ ਕੀਤਿਓਸ ਸਉਂਪੇ ਫੇਰ ਸ਼ੈਤਾਨ॥ ਅਗੋਂਦੇ ਜੇ ਚੇਤੀਐ ਤਾਂ ਕਿਉਂ ਹੋਈਐ ਪਰੇਸ਼ਾਨ॥ ਗੁਰੂਦੇਖ ਨ ਸਕਿਆ ਬੰਦ ਕੋ ਬਹੁਤ ਮਿਲੇ ਸਜਾਇ॥ ਬਾਬਰ ਕੋ ਫ਼ੁਰਮਾਇਆ ਸਭ ਬੰਦੀ ਦਇ ਛੁਡਾਇ॥ ਬਾਬਰ ਚਰਨੀ ਢਹਿ ਪਿਆ ਮੁਝ ਕੋ ਕਰਹੁ ਦੁਆਇ॥ ਪਾਤਸ਼ਾਹੀ ਚਿਰ ਤਾਈਂ ਕਰਹੁ ਫੇਰ ਨ ਕਾਹੂ ਜਾਇ॥ ਬਾਬਰ ਕੀ ਬੇਨਤੀ ਸੁਣੀਸਤਿਗੁਰ ਭਏ ਦਇਆਲ॥ ਪਾਤਸ਼ਾਹੀ ਚਿਰ ਤੀਕਰ ਦਿਤੀਆ ਨਾਨਕ ਨਦਰਨਿਹਾਲ॥ ੪੨॥

ਤਿਸਕਾ ਪ੍ਰਮਾਰਥ॥ ਭਾਈ ਅਜਿੱਤਿਆ ਜਾਂ ਪਹਿਲੋ ਬਾਬਰ ਕਾਬਲੋਂ ਆਯਾ ਹੈਸੀ ਤਾਂ ਪਹਿਲਾਂ ਹਿੰਦੁਸਤਾਨ ਮਾਰਿਆ ਤਿਸਸਮੇ ਗੁਰੂ ਸੈਦਪੁਰ ਵਿੱਚ ਆਹਾ ਅਤੇ ਸੈਦਪੁਰ ਦੇਲੋਕ ਬਹੁਤ ਨਿਰਦਏ ਆਹੇ ਪੀਰ ਫ਼ਕੀਰ ਕਉਂ ਜਾਣਦੇ ਭੀਨਾਹੀਂ ਤਾਂ ਗੁਰੂਕੇਹੁਕਮਨਾਲ ਓਹ ਮਾਰੇਗਏ ਅਤੇਕੁਛਬੰਦੀਕੀਤਿਓਸ ਤਾਂ ਭਾਈ ਅਜਿੱਤਿਆ ਉਨਾਂ ਬੰਦੀ ਵਾਨਾ ਕਉਦੇਖਕਰ ਗੁਰੂ ਕਉ ਤਰਸ ਆਯਾ ਤਾਂ ਸ੍ਰੀ ਗੁਰੂ ਨੇ ਸ਼ਬਦ ਵਿੱਚ ਬਾਬਰ ਕਉ ਬੁਲਾਇਆ ਤਾਂ ਬਾਬਰ ਸ਼ਬਦ ਸੁਣ ਕਰ ਸ੍ਰੀ ਗੁਰੂ ਬਾਬੇ ਜੀ ਦੇ ਪਾਸ ਆਯਾ ਤਾਂ ਸ੍ਰੀ ਗੁਰੂ ਜੀ ਨੇ ਬਾਬਰ ਦੇ ਮਨ ਵਿੱਚ ਭਉ ਪਾਯਾ ਤਾਂ ਲਗਾ ਕਹਿਣ ਹੇ ਗਰੀਬਨਿਵਾਜ਼ ਜੀ ਮੇਰੇ ਉੱਪਰ ਮੇਹਰਬਾਨੀ ਕਰੋ ਤਾਂ ਬਚਨ ਹੋਯਾ ਕਿ ਤੇਰੇ ਉਪਰ ਬਹੁਤਖੁਸ਼ੀ ਹੋਈ ਹੈ ਪਰ ਏਹ ਬੰਦੀਆਂ ਪਠਾਣਾਂਦੀਆਂ ਛੱਡ ਦੇਹੁ ਤਾਂ ਕਹਿਣ ਲੱਗਾ ਜੀ ਬੰਦੀਵਾਨ ਤਾਂ ਮੈਂ ਛੱਡਦਾ ਹਾਂ ਜੇਮੇਰਾਰਾਜ ਚਿਰਤੀਕਰ ਰਹੇ ਤਾਂ ਭਾਈ ਅਜਿੱਤਿਆ ਭਗਤਚਿਰਤੀਕਰ ਰਾਜ ਕਰਦਾਹੈਪਰਭਾਈ ਅਜਿੱਤਿਆ ਪਿੱਛੋਂਮਹਿਲਾਂ ਨਾਲ ਬਾਬਰ ਦੀ ਉਲਾਦ ਅੜਦੀ ਰਹੇਗੀ ਜਿਤਨਾ ਚਿਰ ਏਨਾਂ ਦਾ ਅਮਲ ਰਹੇਗਾ ਅਤੇ ਭਾਈ ਤਿਸਥੋਂ ਪਿੱਛੋਂ ਗੁਰੂ ਜਿਸਨੋਂ ਚਾਹੇ ਤਿਸਨੂੰ ਬਖਸ਼ੇਗਾ ਜਾਂ ਗੁਰੂ ਚੰਦਰਾਵਲ ਖੇੜੇ ਨਿਵਾਸ ਕਰੇਗਾ ਤਾਂ ਬਾਬਰ ਦੀ ਉਲਾਦ ਸਿੱਖ ਹੋਵੇਗੀ ਅਤੇ ਵਿਚ ਵਿਚ ਅੜਦੇਹੀ ਰਹਿਨਗੇ ਤਦ ਗੁਰੂ ਜੀ ਉਨਾਂ ਉਪਰ ਦਇਆਲ ਹੋਵੇਂਗੇ ਅਤੇ ਜੇਹੜੇ ਜੇਹੜੇ ਗੁਰੂ ਪਾਸੋਂ ਮੂੰਹ ਫੇਰਨਗੇ ਉਨਾਂ ਨੂੰ ਬਾਬਰਕੇ ਸਿੱਧੇ ਕਰਨਗੇ ਅਤੇ ਜੋ ਗੁਰੂ ਕੇ ਬਚਨਾ ਉੱਪਰ ਚੱਲਨਗੇ

ਉਨਾਂ ਦੇ ਨੇੜੇ ਜਮ ਬੀ ਨਾਂ ਆਇ ਸਕੇਗਾ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸਾਹ ਜਦ ਨਾਵਾਂ ਗੁਰੂ ਹੋਵੇਗਾ ਤਿਸਤੋਂ ਅੱਗੇ ਹੀ ਹੋਵੇਗਾ ਕਿ ਪਿੱਛੋਂ ਹੋਵੇਗਾ ਤਾਂ ਬਚਨ ਹੋਯਾ॥ ਸ਼ਲੋਕ । ਦਸਵਾਂ ਜਾਮਾਂ ਪਹਿਰ ਕਰ ਵਰਤੇ ਧੁੰਧੂਕਾਰ॥ ਭਾਰੀ ਸਾਂਗ ਵਰੱਤਦਾ ਫਿਰ ਜਾਸੀ ਸਿਸਾਰ॥ ਮੰਨੇ ਹੁਕਮ ਸੋ ਬਖ਼ਸੀਐ ਨਾਤਰ ਹੋਇ ਖੁਆਰ॥ ਨਾਨਕ ਸੱਚਾ ਪਾਤਸਾਹ ਕਿਨੇ ਨ ਪਾਇਓ ਪਾਰ॥ ੪੩॥ ਤਿਸਕਾ ਪਰਮਾਰਥ ॥ ਭਾਈ ਅਜਿੱਤਿਆ ਗੁਰੂ ਜਦ ਦਸਵਾਂ ਜਾਮਾਂ ਹੋਵੇਗਾ ਤਾਂ ਜਗਤ ਵਿਖੇ ਰੌਲਾ ਬਹੁਤ ਹੋਇ ਜਾਵੇਗਾ ਤਾਂ ਭਾਈ ਅਜਿੱਤਿਆ ਗੁਰੂ ਅਜੇਹਾ ਵਿਹਾਰ ਬੰਨੇਗਾ ਜੋ ਸੁਣ ਸੁਣ ਖੋਟੇ ਆਦਮੀ ਬਹੁਤ ਡਰਨਗੇ ਅਤੇ ਆਪਣੇ ਸਿੱਖ ਸੰਸਾਰ ਵਿੱਚੋਂ ਚੁਣ ਕੱਢੇਗਾ ਜਿਉਂ ਰਤ ਵਿੱਚੋਂ ਸੋਇਨੇ ਦੇ ਕਿਨਕੇ ਚੁਣ ਕੇ ਕੱਢ ਲਈਦੇ ਹੈਨ ਜੈਸੇ ਦੁਧ ਵਿਚੋਂ ਘਿਉ ਨਕਾਲ ਲਈਦਾ ਹੈ ਤਿਉਂ ਆਪਣੇ ਸਿੱਖ ਮੰਤ ਸੰਸਾਰ ਵਿੱਚੋਂ ਨਿਆਰੇ ਕਰ ਲੇਵੇਗਾ ਅਤੇ ਬਚਨ ਅਜੇਹਾ ਕਰੜਾ ਰੱਖੇਗਾ ਜਿਸਨੋਂ ਸੁਣਕਰ ਪਾਂਬਰਾ ਲੋਕਾਂ ਸੇ ਤੂਟ ਜਾਵੇਂਗੇ ਅਤੇ ਜੋ ਉਸ ਕੇ ਬਚਨੋਂ ਪਰ ਤਕੜਾ ਰਹੇਗਾ ਤਿਸਕੋ ਅਪਣਾ ਸਬਦ ਦੇਵੇਗਾ ਅਤੇ ਜੋ ਨਾਵਾਂ ਮਹਲਾਂ ਥੀਂ ਸਿੱਖ ਪਿੱਛੇ ਰਹੇਗਾ ਤਿਸਕੋ ਭੁਲਾਵੇਗਾ ਅਤੇ ਕੋਈ ਵਿਰਲਾ ਹੀ ਰਹੇਗਾ ਜਿਸਕੇ ਅੰਦਰ ਗੁਰੂ ਦਾ ਸ਼ਬਦ ਵੱਸੇਗਾ ਅਤੇ ਬੀਜ ਮੰਤ੍ਰ ਕੇ ਵਾਸਤੇ ਜਿਨ੍ਹਾਂ ਹੁਕਮ ਮੰਨਿਆ ਹੋਵੇਗਾ ਸੋ ਅਰਦਾਸ ਕਰਨਗੇ ਜੀ ਪਾਤਸ਼ਾਹ ਤੇਰੇ ਸਿੱਖ ਹੈਨ ਤੇਰਾ ਹੀ ਨਾਮ ਜਪਦੇ ਹੈਨ ਆਪਣੇ ਨਾਮ ਕੀ ਟੇਕ ਰੱਖਣੀ ਜਾਂ ਏਹ ਅਰਦਾਸ ਸਿੱਖ ਕਰਨਗੇ ਤਾਂ ਉਨਾਂ ਸਿੱਖਾਂ ਪਰ ਬਹੁਤ ਖ਼ੁਸ਼ੀ ਹੋਵੇਗਾ ਅਤੇ ਆਖੇਗਾ ਚੰਗਾ ਮੇਰੇ ਬਚਨਾਂ ਉਪਰ ਪਹਿਰਾ ਦੇਵੇਗਾ ਸੋ ਨਿਹਾਲ ਹੋਵੇਗਾ ਅਤੇ ਜੋ ਮੇਰਾ ਬਚਨ ਮੰਨੇਗਾ ਸੋ ਟੂਟਾ ਹੂਆ ਫੇਰ ਗੁਰੂ ਭਾਵੇ ਤਾਂ ਮਿਲੇਗਾ ਅਤੇ ਜੋ ਮੇਰਾ ਸਿੱਖ ਹੋਵੇਗਾ ਸੋ ਮੇਰਾ ਹੁਕਮ ਮੰਨੇਗਾ ਅਤੇ ਪੂਰਨ ਮੇਲੇ ਜਾਵੇਂਗੇ ਅਤੇ ਜੋ ਸਤਗੁਰੂ ਕਾ ਜਾਮਾ ਹੈ ਸੋ ਸੰਸਾਰ ਮੇਂ ਜਹਾਜ਼ ਹੈ ਸੁਭ ਉਜਲ ਹੈ ਜਿਉਂ ਸਮੁੰਦ੍ਰ ਕਾ ਪਾਣੀ ਖਾਰਾ ਹੈ ਤਿਉਂ ਸੰਸਾਰ ਪਾਪਾਂ ਦਾ ਕਾਰਣ ਹੈ ਅਤੇ ਜੋ ਗੁਰੂ ਦੇ ਜਹਾਜ਼ ਪਰ ਚੜ੍ਹੇਗਾ ਸੋ ਭਉਜਲ ਸੇ ਪਾਰ ਲੰਘੇਗਾ ਅਤੇ ਜੋ ਬੇਮੁਖ ਹੋਵੇਗਾ ਸੋ ਜਹਾਜ਼ ਪਰ ਚੜ੍ਹਨਾ ਨਾ ਪਾਵੇਗਾ ਸੋ ਭਉਜਲ ਮਹਿ ਗੋਤੇ ਖਾਵੇਗਾ ਅਤੇ ਜੋਨੀ ਮੇਂ ਭਰਮੇਗਾ ਅਤੇ ਦਸਵਾਂ ਜਾਮਾਂ ਜੋ ਹੈ ਸੋ ਉਸ ਜਹਾਜ਼ ਪਰ ਕੋਈ ਨਾ ਚੜ੍ਹੇਗਾ ਤੇ ਨਾ ਚੜ੍ਹਨਾ ਪਾਵੇਗਾ ਅਤੇ ਦੀਵਾਨ ਜੋ ਹੈ ਸੁ ਪੁਰਜਾ ਹੋਇ ਲਗੇਗਾ ਪੁਰਜਾ ਕੀ ਹੈ ਜੋ ਇਕ ਮਣ ਚੀਜ਼ ਹੋਂਦੀ ਹੈ ਅਤੇ ਸੇਰ ਦ੍ਰਿਸ਼ਟੀ ਆਉਂਦੀ ਹੈ ਤਿਸਕੀ ਨਿਆਈਂ ਜਾਹਰ ਜਾਨੀਐਗਾ ਨਾਹੀਂ ਅਤੇ ਪੁਰਜੇ ਕੀ ਨਿਆਈਂ ਕੋਈ ਵਿਰਲਾ ਹੀ ਸਿੱਖ ਰਹੇਗਾ ਹੋਰ ਸਭ ਭੁਲ ਜਾਵੇਗੀ ਉਤ ਵਕਤ ਧੁੰਧੂਕਾਰ ਵਰਤ ਜਾਵੇਗਾ ਅਤੇ ਲੋਹੇ ਕੀ ਪੂਜਾ ਬਹੁਤ ਹੋਵੈਗੀ ਤੇ ਸੰਸਾਰ ਭੁਲਕਰ ਕੁਰਾਹ ਪੈ ਜਾਵੇਗਾ ਉਨ ਕਉ ਗੁਰੂ ਨਜਰੀ ਨਾਹੀਂ ਆਵੇਗਾ ਜਿਉ ਧੁੰਧ ਮੇਂ ਸੂਰਜ ਛਪ ਜਾਤਾ ਹੈ ਉਸ ਵਕਤ ਤੁਰਕ ਕਾ ਤੇਜ ਬਹੁਤ ਹੋਵੇਗਾ ਅਤੇ ਹਿੰਦੂਆਂ ਦਾ ਤੇਜ ਘਟ ਜਾਵੇਗਾ ਫੇਰ ਗੁਰੂ ਹਿੰਦੂ ਤੇ ਮੁਸਲਮਾਨਾ ਵਿਚੋ ਨਿਆਰਾ ਹੋਵੇਗਾ ਜੋ ਦਰਸ਼ਨ ਕਰੇਗਾ ਸੋ ਨਿਹਾਲ ਹੋਵੇਗਾ ਇਕ ਐਸੇ ਲੋਕ ਹੋਨਗੇ ਸੋ ਗੁਰੂ ਪਾਸੋਂ ਕਰਾਮਾਤ

ਮੰਗਨਗੇ ਅਤੇ ਕਹਿਨਗੇ ਆਪ ਸਾਨੂੰ ਕੁਛ ਵੇਖਾਲੋ ਤਾਂ ਅਸੀ ਪ੍ਰਤੀਤ ਕਰਾਂਗੇ ਹੇ ਭਾਈ ਅਜਿੱਤਿਆ ਕਰਾਮਾਤਨਾਮ ਕਹਿਰ ਦਾ ਹੈ ਅਤੇ ਦੁਨੀਆ ਫ਼ਕੀਰਾਂ ਪਾਸੋਂ ਕਹਿਰ ਮੰਗਦੀ ਹੈ ਇਸੇ ਕਰਕੇ ਸੰਸਾਰ ਮੇਂ ਪਰਲੋ ਆਵੇਗੀਉਸ ਪਰਲੋ ਵਿੱਚ ਕਈ ਬਹਿ ਜਾਵੇਗੀ ਅਤੇ ਭਾਈ ਅਜਿੱਤਿਆ ਗੁਰੂ ਦੇ ਘਰ ਵਿਚ ਮਿਹਰ ਹੈ ਅਤੇ ਜਿਧਰ ਗੁਰੂਨਜਰ ਕਰਦਾ ਹੈ ਤਿਧਰ ਹੀ ਅੰਮ੍ਰਿਤ ਵਸਦਾ ਹੈ ਸਭ ਪੈਦਾਇਸ਼ ਗੁਰੂ ਕੀ ਹੈ ਗੁਰੂ ਆਪਣੇ ਉੱਪਰ ਭਾਰਲੈਂਦਾਹੈ ਅਤੇ ਸ੍ਰਿਸ਼ਟ ਕਾ ਭਲਾ ਕਰਦਾ ਹੈ ਅਤੇ ਇਕ ਤਪ ਜੁਹਦ ਕਰਕੇ ਇਕ ਰੱਤੀ ਦਰਗਾਹੋਂ ਲੈਂਦੇ ਹੈਨ ਜੇ ਓਸ ਰੱਤੀ ਕੋ ਵਰਤਾਉਨ ਤਾਂ ਉਨ ਪਿਛੇ ਕਈ ਲੰਘ ਜਾਵੇ ਪਰ ਉਨ ਕਉ ਉਸ ਰੱਤੀ ਕਾ ਪਾਰ ਨਹੀਂ ਆਉਂਦਾ ਅਤੇ ਓਹ ਦੁਨੀਆ ਕੇ ਲੋਭ ਕਰ ਆਪਣਾ ਆਪ ਜਾਹਰ ਕਰਦੇ ਹੈਨ ਜਿਸ ਕਰਕੇ ਉਨਾਂ ਦੀ ਅਗਲੀ ਪਿਛਲੀ ਕਮਾਈ ਸਭ ਜਾਂਦੀ ਹੈ ਓਹ ਆਪਣੀ ਘਾਲ ਇਕ ਛਾਈਂ ਖਾਇ ਜਾਂਦੇ ਹੈਨ ਅੱਗੇ ਦਰਗਾਹ ਸੇ ਬੇਮੁਖ ਹੋਜਾਂਦੇ ਹੈਨ ਅਤੇ ਦਸਵੇ ਗੁਰੂ ਕਾ ਏਹ ਹਾਲਾ ਹੋਵੇਗਾ ਜੋ ਸਉ ਮਣ ਵਸਤ ਹੋਵੇਗੀ ਤਾਂ ਇਸ ਸੰਸਾਰ ਵਿਚ ਪਾ ਇਕ ਜ਼ਾਹਿਰ ਹੋਵੇਗੀ ਸੋਭੀਏ ਹੋਜੇਹੀ ਭੀੜ ਪਉਸੀ ਤਾਂਗੁਰੂ ਦੇ ਘਰ ਵਿਚ ਦੋਵੇਂ ਗੱਲਾਂ ਹੈਨ ਇਕ ਮਿਹਰ ਹੈ [illegible] ਇਕ ਕਹਿਰ ਹੈ ਮੇਹਰ ਤਾਂ ਸ਼ਬਦ ਹੈ ਅਤੇ ਕਹਿਰ ਗਰਬ ਹੈ ਜੇਹੀ ਕੋਈ ਭਾਵਨਾ ਕਰੇਗਾ ਤੇਹਾ ਫਲ ਪ੍ਰਾਪਤ ਹੋਵੇਗਾ ਅਤੇ ਬੱਚਾ ਐਸਾ ਸਮਾ ਆਵੇਗਾ ਕਿ ਸਬਦ ਕੋ ਖੋਜਣੇ ਵਾਲਾ ਕੋਟਾਂ ਬਧੀ ਕੋਈ ਕੋਈ ਹੋਵੇਗਾ ਨਹੀਂ ਤਾਂ ਪਸ਼ੂ ਕੀ ਨਿਆਈਂ ਹੋਇ ਜਾਵੇਂਗੇ ਪਰ ਭਾਈ ਜਿਨਕਉ ਗੁਰੂ ਕਾ ਨਾਮ ਯਾਦ ਰਹੇਗਾ ਤਿਨਕੋ ਹਰਵਕਤ ਮੁਕਤ ਕਰੇਗਾ ਅਤੇ ਜੋ ਕੋਈ ਓਸ ਧੁੰਧੂਕਾਰ ਵਿੱਚੋਂ ਵਿਛੁੜ ਰਹੇਗਾ ਸੋਈ ਬਚੇਗਾ ਨਾਤਰ ਜਿੱਥੋਂ ਕੱਢੇ ਹੈਨ ਤਿਥਾਈਂ ਪਾਏ ਜਾਨਗੇ ਤਾਂ ਫੇਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਕਿ ਹੇ ਸੱਚੇ ਪਾਤਸ਼ਾਹ ਜੀ ਆਪਨੇ ਬਚਨ ਕੀਤਾਹੈਕਿ ਦਸਵੇਂ ਗੁਰੂਜੀ ਕੇ ਵਕਤ ਓਹ ਜੋ ਛਿੰਨਵੇਂ ਕਰੋੜੀ ਨਰਕ ਸੇ ਨਿਕਾਲੇ ਹੈਨ ਫੇਰ ਉਥਾਈਂਹੀ ਪਾਇਜਾਵੇਂਗੇ ਅਤੇ ਹੇ ਦੀਨਦਿਆਲ ਜੀ ਆਪਕਾ ਹੀ ਬਚਨ ਹੈਕਿ ਜੋ ਮੇਰਾ ਮੰਤ੍ਰ ਪੜ੍ਹਨਗੇ ਸੋ ਆਵਾਂਗਉਣ ਤੇ ਮੁਕਤ ਕੋ ਪ੍ਰਾਪਤ ਹੋਵਨਗੇ ਹੇ ਮਹਾਰਾਜ ਜੀ ਏਹ ਗੱਲ ਕੀਕਰ ਹੈ ਜੀ ਮੇਹਰਬਾਨੀ ਕਰਕੇ ਮੇਰਾ ਸੰਸਾ ਨਿਵਰਤ ਕਰਹੁ ਜੀ ਤਾਂ ਬਚਨ ਹੋਯਾ॥ ਸ਼ਲੋਕ ॥ ਸਾਧੂ

ਬਚਨ ਨ ਮਿਟਈ ਜੇ ਸਉ ਜਤਨ ਕਮਾਇ ॥ ਸੂਈ ਕਾ ਕੰਡਾ ਕਰੇ ਸਤਗੁਰ ਲਏ ਛੁਡਾਇ ॥ ਸਉ ਪਾਪੀ ਕਾ ਫੇੜਿਆ ਇਕ ਨਿੰਦਕ ਕੇ ਸਿਰ ਭਾਰ ॥ਨਾਨਕ ਲੇਖ ਨਾ ਮਿਟਈ ਜੋ ਲਿਖਿਆ ਕਰਤਾਰ ॥ ੪੪ ॥

ਤਿਸਕਾ ਪਰਮਾਰਥ ॥ ਭਾਈ ਅਜਿੱਤਿਆ ਜੋ ਗੁਰੂ ਬਚਨ ਕੀਤਾ ਹੈ ਸੋ ਸਭ ਸੱਚ ਹੈ ਕਿਉਂ ਜੋ ਜੈਸੇ ਕੋਈ ਦਿਨ ਕਾ ਭੁੱਲਾ ਹੋਯਾ ਜੇਕਰ ਰਾਤ ਘਰ ਆਇ ਵੜੇ ਤਾਂ ਤਿਸਨੋਂ ਕੋਈ ਦੋਖ ਨਹੀਂ ਲਗਾਇਆ ਜਾਤਾ ਤਿਸਨੋਂ ਵੜਨੇ ਦੇਵੇ ਅਤੇ ਜੋ ਕੋਈ ਮੇਰਾ ਸਿੱਖ ਸੋਵੇਗਾ ਹੋ ਤੁੱਟੇ ਮੇਲ ਲਏਗਾ ਅਤੇ ਜੇ ਨਾ ਮੇਲੇ ਤਾਂ ਸੰਸਾਰ ਮੇਂ ਨਿੰਦਿਆ ਹੋਵੇਗੀ ਅਤੇ ਜੋ ਕੋਈ ਗੁਰਾਂ ਦੇ ਬਚਨਾਂ ਉੱਪਰ ਚੱਲਨਗੇ ਤਿਨਾਂ ਦੇ ਬਾਬ ਨਿਗੁਰੇ

ਬੁਰੀ ਕਹਨਗੇ ਅਤੇ ਜੋ ਕੋਈ ਨਿੰਦਕ ਗੁਰੂ ਕੀ ਸੰਗਤ ਕੀ ਨਿੰਦਿਆ ਕਰੇਗਾ ਸੋ ਨਰਕ ਗਾਮੀ ਹੋਵੇਗਾ ਜੋ ਸੈ ਪਾਪ ਇਕ ਸਿਖ ਕੀਤਾ ਹੋਵੇਗਾ ਅਤੇ ਦੂਸਰਾ ਸਿਖ ਉਸਕੀ ਨਿੰਦਿਆ ਕਰੇ ਤੇ ਉਸਦੀ ਸਭ ਬਲਾਇ ਉਸਦੇ ਸਿਰ ਪਵੇਗੀ ਅਤੇ ਉਸ ਸਿੱਖ ਕਉ ਕੁੰਭੀ ਨਰਕ ਪਾਵਨ ਗੇ ਅਤੇ ਜੋ ਗੁਰੂ ਕੇ ਬਚਨਾਂ ਉੱਪਰ ਚੱਲੇਗਾ ਉਸਨੂੰ ਸੂਲੀ ਦਾ ਕੰਡਾ ਹੋ ਜਾਵੇਗਾ ਅਤੇ ਜੋ ਕੋਈ ਸਿਖ ਹੋ ਕੇ ਬਿਸਿਦਕ ਹੋਵੇਗਾ ਤਾਂ ਓਹ ਭੀ ਨਰਕ ਗਾਮੀ ਹੋਵੇਗਾ ਅਤੇ ਜੋ ਕੋਈ ਸਿੱਖ ਭੁੱਲਾ ਹੋਇਆ ਫੇਰ ਸ਼ਰਨੀ ਪਵੇ ਤਾਂ ਫੇਰ ਉਸਨੂੰ ਗੁਰੂ ਬਖਸ਼ੇਗਾ ਪਰ ਨਿੰਦਿਆ ਸਿੱਖ ਦੀ ਸਿੱਖ ਨੂੰ ਕਰਨੀ ਬਹੁਤ ਬੁਰੀ ਬਾਤ ਹੈ ਏਹ ਸਾਧ ਬਚਨ ਫਿਰਤੇ ਨਹੀਂ ਤਾਂ ਫੇਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਜੀ ਏਨਾਂ ਜੀਆਂ ਦੇ ਕੀ ਵੱਸ ਹੈ ਜਿਉਂ ਜਿਉਂ ਤੇਰਾ ਭਾਣਾ ਹੈ ਤਿਵੇਂ ਤਿਵੇਂ ਹੋਵੇਗਾ ਭਾਈ ਜਦੋਂ ਦਸਵਾਂ ਜਾਮਾ ਹੋਵੇਗਾ ਤਾਂ ਨਉਂ ਮਹੀਨੇ ਵੇਲਾ ਰਹੇਗਾ ॥

ਸ਼ਲੋਕ ॥ ਪਾਨਾ ਬੀੜਾ ਹੱਥ, ਕਰ ਸਤਗੁਰ ਭਏ ਬਸੀਠ ॥ ਅੱਗੇ ਗਨਕਾ ਉਠ ਖੜੀ ਆਉ ਹਮਾਰੇ ਮੀਤ ॥ ਚੋਰ ਯਾਰ ਤੱਕੇ ਘਣਾ ਬਹੁ ਬਿਧ ਕਰਹਿ ਪੁਕਾਰ ॥ ਸਾਂਗੀ ਸਾਂਗ ਪੂਰਨ ਕਰੇ ਜਪ ਨਾਨਕ ਨਿਰੰਕਾਰ ॥ ੪੫ ॥

ਤਿਸਕਾ ਪਰਮਾਰਥ ॥ ਭਾਈ ਅਜਿੱਤਿਆ ਇਕ ਅਵੇਹਾ ਸਮਾ ਆਵੇਗਾ ਜੋ ਗੁਰੂ ਗਨਕਾ ਕੇ ਪਾਸ ਜਾਵੇਗਾ ਅਤੇ ਗਨਕਾ ਗੁਰੂ ਜੀ ਕੀ ਭਗਤਣੀ ਹੋਵੇਗੀ ਅੱਗੋਂ ਗਨਕਾ ਪਾਨਾ ਕਾ ਬੀੜਾ ਲੈਕੇ ਉਠ ਖੜੀ ਹੋਵੇਗੀ ਕਹੇਗੀ ਆਈਏ ਜੀ ਸਚੇ ਪਾਤਸ਼ਾਹ ਜੀ ਏਹ ਜੀਉ ਪਿੰਡ ਘਰ ਬਾਰ ਤੁਮਾਰਾ ਹੈ ਜਾਂ ਇਤਨੀ ਬੇਨਤੀ ਗਨਕਾ ਕਰੇਗੀ ਤਾਂ ਗੁਰੂ ਪਾਨਾ ਦਾ ਬੀੜਾ ਉਠਾਇ ਲਏਗਾ ਅਤੇ ਭਾਈ ਗੁਰੂ ਕਹੇਗਾ ਗਨਕਾ ਅਸੀ ਏਥੇ ਰਹਾਂਗੇ ਤਾਂ ਅੱਗੋਂ ਗਨਕਾ ਭਗਤਣੀ ਅਰਦਾਸ ਕਰੇਗੀ ਕਹੇਗੀ ਹੇ ਸੱਚੇ ਪਾਤਿਸ਼ਾਹ ਜੀ ਏਹ ਪਿੰਡ ਵਾ ਘਰ ਬਾਰ ਸਭ ਆਪਕਾ ਹੀ ਹੈ ਜੀ ਅਤੇ ਹੇ ਦਿਆਲ ਜੀ ਮੈਂ ਤਾਂ ਦਾਸੀ ਹਾਂ ਅਤੇ ਆਪ ਤਾਂ ਨਰ ਨਾਹਾਇਣ ਹੋ ਅਤੇ ਮੈਂ ਅਗਨ ਸਰੂਪ ਹਾਂ ਜੀ ਅਤੇ ਗ਼ਰੀਬ ਨਿਵਾਜ਼ ਜੀ ਜਗਤ ਐਸਾ ਦੁਸ਼ਟ ਹੈ ਨਿੰਦਾ ਕਰਨਗੇ ਕਹਿਨਗੇ ਏਹ ਗੁਰੂ ਕੈਸਾ ਹੈ ਜੋ ਗਨਕਾ ਦੇ ਘਰ ਵਾਸ ਕਰ ਬੈਠਾ ਹੈ ਜੀ ਇਸ ਸੰਸਾਰ ਵਿੱਚ ਵਡਾ ਧੁੰਧੂਕਾਰ ਵਰਤ ਜਾਵੇਗਾ ਅਤੇ ਘਣੇ ਬੇਸਿਦਕ ਹੋਇ ਜਾਵਨਗੇ ਅਤੇ ਸੱਚੇ ਪਾਤਸ਼ਾਹ ਜੀ ਆਪ ਸਭ ਕੁਛ ਜਾਣਦੇ ਹੋ ਜੀ ਕੁਛ ਮੇਰੇ ਕਹਿਣੇ ਕੀ ਬਾਤ ਨਹੀਂ ਜੀ ਜਾਂ ਬੱਚਾ ਏਹ ਅਰਦਾਸ ਗਨਕਾ ਕਰੇਗੀ ਤਾਂ ਭਾਈ ਅਜਿੱਤਿਆ ਗੁਰੂ ਖਰਾ ਖ਼ੁਸ਼ੀ ਹੋਵੇਗਾ ਤਾਂ ਕਹੇਗਾ ਹੇ ਗਨਕਾ ਤੇਰੀ ਅਰਦਾਸ ਗੁਰੂ ਸੁਣ ਲਈ ਹੈ ਅਤੇ ਇਕ ਨਉਂ ਮਹੀਨੇ ਗੁਪਤ ਰਹਾਂਗੇ ਤਾਂ ਫੇਰ ਭਾਈ ਜੋ ਗਨਕਾ ਕਹੇਗੀ ਸੋ ਗੁਰੂ ਮੰਨਨਗੇ ਭਾਈ ਗਨਕਾ ਪਿੱਛੇ ਕਈ ਕੋਟ ਪਾਪੀ ਰਹਿ ਜਾਂਨਗੇ ਤਾਂ ਗੁਰੂ ਅਲੋਪ ਰਹਿਣਗੇ ਫੇਰ ਅਜਿਤਿਆ ਲੋਕ ਕਹਿਨਗੇ ਜੋ ਗੁਰੂ ਕੋਈ ਨਹੀਂ ਭਾਈ ਉਸਨੂੰ ਯਾਰਵਾਂ ਜਾਮਾ ਕਹਿਨਗੇ ਤਾਂ ਫੇਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਹੇ ਸੱਚੇ ਪਾਤਸ਼ਾਹ ਜੀ ਫਿਰ ਸਿੱਖ ਕਿਸਦੀ ਪੈਰੀਂ ਪਉਣਗੇ ਤੇ ਕਿਉਂ ਕਰ ਵਰਤਾਰਾ ਵਰਤੇਗਾ ਫੇਰ ਗੁਰੂ ਆਪਣੇ ਘਰ ਜਾਮਾ ਲਹਿਣਗੇ ਕਿ ਹੋਰ ਕਿਤੇ ਵਰਤਨਗੇ

ਤਾਂ ਬਚਨ ਹੋਯਾ ਭਾਈ ਅਜਿੱਤਿਆ ਜਿੱਥੇ ਸ਼ਬਦ ਮਿਹਰਵਾਨ ਹੋਂਦਾ ਹੈ ਤਿੱਥੇ ਹੀ ਬਖਸ਼ੇਗਾ ਕਿਆ ਘਰ ਕਿਆ ਬਾਹਰ ਏਹ ਆਦਿ ਜੁਗਾਦੀ ਗੁਰੂ ਕੇ ਚੇਲੇਕੀ ਹੈ ਤੇਬੱਚਾ ਅਜਿੱਤਿਆਤੈਂ ਜੋ ਪੁੱਛਿਆ ਹੈ ਕਿ ਕਿਉਂ ਕਰ ਵ੍ਰਤਾਰਾ ਵਰਤੇਗਾ ਸੋ ਭਾਈ ਜਬ ਦਸਵਾਂ ਜਾਮਾ ਹੋਵੇਗਾ ਤੇ ਯਾਰਵਾਂ ਗੁਪਤ ਵਰਤੇਗਾ ਤਿਸਤੇ ਪਿੱਛੇ ਆਪੋ ਆਪਣੀ ਹੋਇ ਕਰ ਵਰਤੇਗੀ ਅਤੇ ਕੋਈ ਕਿਸੇ ਕਉ ਬਦੇਗਾ ਨਾਹੀਂ ਤੇ ਸਿੱਖੀ ਐਸੀ ਚਲੇਗੀ ਜੋ ਮਨ ਭਾਂਵਦੀ ਕਰਨਗੇ ਅਤੇ ਕਿਤਨੇ ਹੀ ਪੰਥ ਗੁਰੂ ਕੇ ਘਰ ਵਿਚੋਂ ਨਿਕਲਨ ਗੇ ਐਸੀ ਕਲਾ ਵਰਤੇਗੀ ਕਿ ਜੈਸੇ ਇਕ ਬਾਪਦੇ ਬੇਟੇ ਹੋਵਨਗੇ ਕੋਈ ਕਿਸੇ ਨਾਲ ਵਰਤੇਗਾ ਕੋਈ ਕਿਸੇ ਨਾਲ ਵਰਤੇਗਾ ਸ਼ਲੋਕ ॥ ਗੁਰ ਚੇਲੇ ਰਹਿਰਾਸ ਅੰਤਰ ਵੇਖੇ ਦੋਹਿ ॥ ਸੁਆਂਗੀ ਹਰਿ ਪ੍ਰਭ ਹੋਇਆ ਨਹੀਂ ਮਿਲਾਵਾ ਤੋਹਿ ॥ ੪੬ ॥ ਤਿਸਕਾ ਪਰਮਾਰਥ ॥ ਭਾਈ ਅਜਿੱਤਿਆ ਬਾਹਰਵਾਂ ਜਾਮਾ ਜਦ ਗੁਰੂ ਹੋਵੇਗਾ ਨਿਰਲੰਭ ਸਭਤੇ ਨਿਆਰਾ ਨਿਰਲੇਪ ਸਭ ਦੁਨੀਆਂ ਤੇ ਨਿਆਰਾ ਰਹੇਗਾ ਅਤੇਆਪਕੋ ਜਣਾਵੇਗਾ ਨਾਹੀਂ ਔਰ ਨਿਰਮੋਹ ਹੋਵੇਗਾ ਅਤੇ ਆਸਰਾ ਜੋ ਲਏਗਾ ਸੋ ਇਕ ਅਕਾਲ ਪੁਰਖ ਜੀ ਕਾ ਲਏਗਾ ਤੇ ਤਿਸ ਕੋ ਕੋਈ ਲਖ ਨਾ ਸਕੇਗਾ ਸੂਲੀ ਸ਼ਬਦ ਉਚਰੇਗਾ ਔਰ ਸ਼ਬਦ ਕਮਾਏ ਗਾ ਅਰ ਜੋ ਸਿੱਖ ਹੋਵਨ ਗੇ ਤਿਨ ਕੋ ਭੀ ਸ਼ਬਦ ਹੀ ਦੇਵੇਗਾ ਅਰ ਤਿਸਕੇ ਆਸਰੇ ਮਾਰਗ ਚੱਲੇਗਾ ਇਸ ਕਰਕੇ ਜਗਤ ਵਿੱਚ ਜੈਕਾਰ ਹੋਵੇਗਾ ਅਤੇ ਉਸਤਤ ਹੋਵੇਗੀ ਅਰ ਜਹਾਂ ਤਕ ਕੋਈ ਸਿੱਖ ਭੰਨਾ ਤੁੱਟਾ ਹੋਵੇ ਗਾ ਸੋ ਸਭ ਉਸਕੀ ਪੈਰੀਂ ਆਨ ਪੈਨਗੇ ਸੋ ਨਵੇਂ ਸਿਰੇ ਤੇ ਸਿੱਖ ਹੋਵਨਗੇ ਅਤੇ ਉਨਾਂ ਕੋ ਬਖਸ਼ਕਰ ਗੁਰੂ ਬੋਹਿਥਾ ਹੋਵੇਗਾ ਅਤੇ ਜੋ ਸਿੱਖ ਹੋਵੇਗਾ ਸੋ ਉਸ ਜਹਾਜ਼ ਉਪਰ ਚੜ੍ਹਕੇ ਪਾਰ ਹੋਵੇਗਾਭਾਈ ਅਜਿੱਤਿਆ ਕੋਈ ਸਤਿਗੁਰੂ ਕੋ ਮਿਲੇਗਾ ਸੋ ਸਭ ਗੱਲਾਂ ਗੁਰੂ ਦੀਆਂ ਕਬੂਲ ਕਰੇਗਾ ਤਾਂ ਸਤਿ ਗੁਰਾਂ ਦੇ ਸ਼ਬਦ ਨਾਲ ਭਿੱਜੇਗਾ ਅਤੇ ਜਿਨਾਂ ਪਾਸੋਂ ਰਹਿਤਾਂ ਤੇਓਹ ਕਰਮਨਾਹੋਵਨਗੇ ਅਤੇਸੰਸਾਰਦੀ ਲਾਜ ਵਿੱਚ ਮਰਨਗੇ ਤਾਂ ਭਾਈ ਉਨਾਂ ਕੋ ਗੁਰੂ ਕਦੀ ਨਾਂ ਮਿਲੇਗਾ ਪਰ ਜੋ ਸ੍ਰੀ ਗੁਰੂ ਜੀ ਦੇ ਵਚਨਾਂ ਤੋਂ ਬੇਮੁਖ ਹੋਵਣਗੇ ਸੋਗੁਰੂਨਾਮੂੰਹ ਲਾਵੇਗਾ ਅਤੇ ਗੁਰੂ ਜੀ ਕੇ ਏਹ ਵਚਨਹੈਨ ਜੋਰ ਜ਼ੁਲਮ ਚੋਰੀ ਯਾਰੀ ਪਰ ਨਿੰਦਿਆ ਜੋ ਮੇਰਾਸਿੱਖ ਹੋਵੇ ਸੋ ਏਹ ਬਾਤਾਂ ਨਾ ਕਰੇ ਤੇ ਜਾਂ ਗੁਰੂ ਜਾਮਾ ਬਦਲੇਗਾ ਤਾਂ ਸਭ ਸਿੱਖ ਓਹੀ ਕਰਮ ਕਰਨਗੇ ਜਿਸਕਰਕੇ ਫਿਰ ਨਰਕ ਗਾਮੀ ਹੋਵਨਗੇ ਤੇ ਗੁਰੂਕੇ ਸ਼ਬਦ ਦਾ ਰੰਗ ਨਾ ਚੜ੍ਹੇਗਾ ਓਹ ਕੋਰੇ ਹੀ ਰਹਿਨਗੇ ਸੋ ਕਲੀ ਕਾਲ ਵਿੱਚ ਡੁੱਬਣਗੇ ਭਾਈ ਅਜਿੱਤਿਆ ਬਾਹਰਵਾਂ ਜਾਮਾ ਵੀ ਕਰੜਾ ਰਾਹ ਦੱਸੇਗਾਤਾਂ ਫੇਰਅਜਿੱਤੇ ਰੰਧਾਵੇ ਅਰਦਾਸ ਕੀਤੀ ਹੇ ਸੱਚੇਪਾਤਸ਼ਾਹ ਪਿਛਲਾ ਕਮਾਇਆ ਏਵੇਂ ਹੀ ਬਰਬਾਦਜਾਇਗਾ ਜੋ ਤੇਰਾ ਨਾਮ ਜਪਦੇ ਰਹੇ ਸਾਨ ਓਹਭੀ ਕੁਛਹੱਥ ਲਗੇ ਗਾ ਕਿ ਨਾਹੀਂ ਤਾਂ ਬਚਨ ਹੋਯਾ ਬੱਚਾ ਸ਼ਬਦ ਜੋ ਗੁਰੂ ਕਹਿਆ ਹੈ ਸੋ ਉਸ ਵਿਚ ਵੀ ਚੋਰੀਯਾਰੀ ਪਰਨਿੰਦਿਆ ਜੋਹੈ ਸੋ ਸਭ ਮਨਹਿ ਕੀਤੇਹੈਨ ਜੋ ਐਸੇ ਸਿੱਖ ਹੋਵਨਗੇ ਪੜ੍ਹਨਗੇ ਗਾਵਨਗੇ ਤੇ ਕਮਾਇ ਨ ਸੱਕਨਗੇ ਅਤੇ ਦਸਵੇਂ

ਗੁਰੂ ਨੂੰ ਮਨ ਵਿੱਚ ਯਾਦ ਕਰਨਗੇ ਤੇ ਆਖਣਗੇਗੁਰ ਏਵੇਂ ਹੀ ਆਖਦਾ ਹੈ ਅਤੇ ਸਿੱਖ ਆਪਸ ਵਿੱਚ ਆਖਨਗੇ ਸਿੱਖ ਕੋਈ ਨਹੀਂ ਰਿਹਾ ਭਾਈ ਕਲੀ ਕਾਲ ਵਿੱਚ ਦਸਵਾਂ ਗੁਰੂ ਭਾਰੀ ਅਵਤਾਰ ਹੋਵੇਗਾ ਅਤੇ ਮੁਖ ਵਾਕ ਕਰਕੇ ਸਭਸੈ ਕਉ ਭੁਲਾਇ ਦੇਵੇਗਾ ਅਤੇ ਗੁਰੂ ਨਾਲੋਂ ਭੱਜਨਗੇ ਤਾਂ ਨਿੰਦਿਆ ਕਰਨਗੇ ਸੋ ਨਿੰਦਿਆ ਮਨਹਿ ਹੈ ਫੇਰ ਓਨਾਂ ਲੋਕਾਂ ਕੋ ਚਉਰਾਸੀ ਵਿੱਚ ਘੱਤੀਐਗਾ ॥ ਸ਼ਲੋਕ ॥ ਮਾਸ ਕੀੜਾ ਲੱਗਾ ਬੁਰਿਆਰ ॥

ਭਉਕੇ ਫੱਕੜ ਹੋਇ ਖੁਆਰ ॥ ਸਭ ਕਲ ਡਬੇ ਨਿੰਦ ਗੁਬਾਰ ॥ ਨਾਨਕ ਦਸਵਾਂ ਰੂਪ ਅਪਾਰ ॥ ੪੭ ॥ ਤਿਸਕਾ ਪਰਮਾਰਥ ॥ ਅਜਿੱਤਿਆ ਮਾਸ ਜੋ ਹੈ ਸੋ ਮਾਯਾ ਅਤੇ ਕੀੜਾ ਸਿੰਸਾਰ ਹੈ ਸੋ ਸਿੰਸਾਰ ਐਸਾ ਬੁਰਾ ਹੋਇਕਰ ਲਗੇਗਾ ਮਾਯਾ ਕੋ ਜੈਸੇ ਮਾਸ ਕਉ ਕੀੜਾ ਲਗਤਾ ਹੈ ਤਿਉਂ ਕਲੂ ਕੇ ਲੋਕ ਮਾਯਾ ਕਉ ਲਗਨਗੇ ਪਰਮੇਸ਼ਰ ਕੇ ਜਾਪ ਤਪ ਤੇ ਭੁਲ ਜਾਵਨਗੇ ਭਾਈ ਅਜਿੱਤਿਆ ਸ਼ਬਦ ਪੜਨਗੇ ਅਤੇ ਕਮਾਇ ਨਾ ਸੱਕਨਗੇ ਤਾਂ ਸ਼ਬਦ ਉਲਟ ਕੈ ਮਸਾਣ ਜਿਉਂ ਸੰਸਾਰ ਕੌ ਜਲਾਇ ਮਾਰੇਗਾ ਗ੍ਰਸ ਲਇਗਾ ਏਹ ਕਲਜੁਗ ਕੇ ਲੋਗ ਅਵੇਹੇ ਨਿੰਦਿਆ ਕਰਨਗੇ ਆਪੋ ਆਪਨੇ ਮਤ ਚਲਾਉਨਗੇ ਤਿਤੁ ਸਮੈ ਗੁਰੂ ਨਜ਼ਰੀਨਾ ਆਵੇਗਾ ਪਾਪ ਬਹੁਤ ਹੋਵੇਗਾ ਇਸ ਰਉਂਸ ਕਲਜੁਗ ਸੰਸਾਰ ਕਉ ਡੋਬੇਗਾ ਜਿਓ ਦੁਰਾਚਾਰ ਇਸਤ੍ਰੀ ਹੋਤੀ ਹੈ ਖ਼ਸਮ ਉਸ ਕਉ ਤਿਆਗ ਦੇਤਾ ਹੈ ਔਰ ਦਰ ਦਰ ਖੁਆਰ ਹੋਤੀ ਫਿਰਤੀ ਹੈ ਭਉਂਕਤੀ ਹੈ ਅਤੇ ਆਪ ਕੌ ਹੰਸਾਵਤੀ ਹੈ ਉਸ ਇਸਤ੍ਰੀ ਕੀ ਨਿਆਈਂ ਕਲ ਕੇ ਲੋਕੋਂ ਕੋ ਗੁਰੂ ਤਿਆਗ ਦੇਵੇਗਾ ਤਾਂ ਏਹ ਭੀ ਦਰਦਰ ਖ਼ੁਆਰ ਹੋਵਨਗੇ ਪਰ ਬੀਜ ਮਾਤ੍ਰ ਕੋਈ ਕੋਟੋਂ ਮੱਧੇ ਸਿੱਖ ਰਹਿ ਜਾਵੇਗਾ ਸੋ ਆਖਨਗੇ ਜੋ ਸਭ ਗੁਰੂ ਹੈ ਅਤੇ ਭਾਣੇ ਕਾ ਖ਼ਾਵੰਦ ਹੈ ਆਪਣੇ ਚੋਜ ਕੀਤੇ ਹੈਸ ਓਹ ਕਿਸੇ ਕੀ ਨਿੰਦਾ ਨਾ ਕਰਨਗੇ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਹੇ ਸੱਚੇ ਪਾਤਸ਼ਾਹ ਜੋ ਸਿੱਖ ਤੇਰੇ ਪਾਸੋਂ ਤੁਟਨਗੇ ਓਹ ਫੇਰ ਬੀ ਕਿਤੇ ਬਖ਼ਸ਼ ਜਾਨਗੇ ਕਿ ਨਾਹੀਂ ਬਖ਼ਸ਼ੇ ਜਾਨਗੇ ਤਾਂ ਬਚਨ ਹੋਯਾ ॥ ਭਾਈ ਅਜਿੱਤਿਆ ਓਹ ਫੇਰ ਗੁਰੂ ਨੂੰ ਨਵੇਂ ਸਿਰੇ ਮਿਲਨਗੇ ਤੇ ਬਖ਼ਸ਼ਾਵਨਗੇ ਤਾਂ ਗੁਰੂ ਨਵੇਂ ਸਿਰ ਤੇ ਸ਼ਬਦ ਦੱਸੇਗਾ ਤਾਂ ਫੇਰ ਸਿਦਕ ਰੱਖਨਗੇ ਤਾਂ ਬਖ਼ਸ਼ੇ ਜਾਨਗੇ ॥ ਸ਼ਲੋਕ ॥ ਜੁਗਾ ਜੁਗੰਤਰ ਸਤਗੁਰੂ ਦੂਸਰ ਹੂਆ ਨ ਹੋਗ ॥ ਚਉਰਾਸੀ

ਜਾਮੇ ਪਹਿਰ ਕੇ ਪਾਛੇ ਹੋਯਾ ਅਲੋਪ ॥ ਸੱਤਰ ਜਾਮੇ ਭਗਤ ਜਨ ਚਉਦਹ ਸਤਗੁਰੂ ਹਾਇ ॥ ਗੁਰਮੁਖ ਹੋਇ ਸੋ ਮਿਲ ਰਹੇ ਮਨ ਮੁਖ ਮਿਲਹਿ ਸਜ਼ਾਇ ॥ ਭਰ ਬੇੜੇ ਲੇ ਜਾਹਿਗੇ ਮੰਤ ਜਨਾਂ ਕੇ ਪੂਰ ॥ ਬੇਮੁਖ ਤੁੱਟੇ ਤੁਟ ਮੂਏ ਮਨਮੁਖ ਨ ਭਏ ਕਬੂਲ ॥ ਗੁਰ ਮੁਖ ਜਿਨੀ ਜਾਣਿਆ ਮਿਟ ਗਏ ਆਵਣ ਜਾਣ ॥ ਨਾਨਕ ਜਾਤਾ ਖਸਮ ਜਿਨ ਆਏ ਤੇ ਪਰਵਾਣ ॥ ੪੮ ॥ ਤਿਸਕਾ ਪਰਮਾਰਥ ॥ ਜੁਗਾ ਜੁਗੰਤਰ ਗੁਰੂ ਅਟੱਲ ਹੈ ਦੂਸਰਾ ਹੋਰ ਨਾ ਕੋਈ ਹੋਯਾ ਹੈ ਨਾ ਹੋਵੇਗਾ ਅਤੇ ਗੁਰੂ ਚੌਰਾਸੀ ਜਾਮੇ ਪਹਿਰੇਂਗੇ ਜਿਸ ਵਿਚ ਸਤ੍ਰ ਜਾਮੇ ਭਗਤ ਹੋਵਨਗੇ ਅਤੇ ਚਉਦਾਂ ਜਾਮੇ ਗੁਰੂ ਹੋਵਨਗੇ ਅਤੇ ਜੇ ਕੋਈ ਗੁਰੂ ਕਉ ਮਿਲਕਰ ਲੜ

ਮੰਨੇਗਾ ਸੋਈ ਉਧਰੇਗਾ ਅਤੇ ਜੋ ਗੁਰੂ ਕੇ ਸ਼ਬਦ ਪਰ ਪਰਤੀਤ ਰੱਖੇਗਾ ਸੋ ਬਿਨਾਂ ਕਮਾਈ ਕੇ ਸਾਹਿਬ ਨਾਲੇ ਕੁਟੰਬ ਵੀ ਉਧਰ ਜਾਵੇਗਾ ਤੇ ਜੋ ਬੇਮੁਖ ਹੋਵੇਗਾ ਸੋ ਤੁਟੇਗਾ ਤੇ ਸਜ਼ਾਇ ਭੀ ਪਾਵੇਗਾ ਐਹ ਪਰਲੋਕ ਵੀ ਜਾਂਦਾ ਰਹੇਗਾ ਫੇਰ ਮੁੜ ਭੰਨ ਘੜੀਅਨਗੇ ਜੋ ਖ਼ਸਮ ਕਉ ਮਨਾਵਣਗੇ ਸੋ ਆਵਾ ਗਉਣ ਤੇ ਰਹਿ ਜਾਵਣਗੇ ਬੱਚਾ ਅਜਿੱਤਿਆ ਜੋ ਗੁਰੂ ਕੇ ਲੜ ਲੱਗਾ ਸੋ ਮੁਕਤ ਹੋਵੇਗਾ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਹੇ ਸਤਗੁਰ ਜੀ ਤੇਰਾ ਬਚਨ ਹੋਯਾਹੈ ਜੋ ਇਸ ਮਹਿਲ ਦਾ ਦਰਸ਼ਨ ਕਰੇਗਾ ਸੋ ਮੁਕਤ ਪਾਵੇਗਾ ਅਤੇ ਜੋ ਸੰਸਾਰ ਪਿਛੇ ਰਹੇਗਾ ਤਿਨਾਂ ਦਾ ਕਿਉਂਕਰ ਹੋਵੇਗੀ ਤਾਂ ਬਚਨ ਹੋਯਾ ਭਾਈ ਸੁਣ॥ ਸ਼ਲੋਕ ॥ ਧੰਧੂਕਾਰ ਜੋ ਵਰਤਸੀ ਨਾ ਹਿੰਦੂ ਨਾ ਮੁਸਲਮਾਨ॥ ਰਾਮ ਰਹੀਮ ਨ ਜਾਂਣਸੀ ਨਾ ਕੋ ਕਹੇ ਕਲਾਮ॥ ਨਾ ਗਾਇਤ੍ਰੀ ਨਾ ਤਰਪਣੋ ਨਾ ਫਾਇਤਾ ਨਾ ਦਰੂਦ॥ ਨਾ ਤੀਰਥ ਨਾ ਦੇਹੁਰਾ ਨਾ ਦੇਵੀ ਕੀ ਪੂਜ।ਗੁਰਮੁਖ ਕੋਇ ਨ ਜਾਣਸੀ ਨਾ ਕੋ ਲਹੇ ਉਪਦੇਸ਼॥ ਇਕੋ ਵਰਤਣ ਵਰਤੀਐ ਨਾ ਕੋ ਕਰੇ ਅਦੇਸ ॥ ਬੇਦ ਕਤੇਬ ਨ ਜਾਣ ਸਨ ਨਾ ਦੁਵਾਰਾ ਨ ਮਸੀਤ॥ ਰੋਜ਼ਾ ਬਾਂਗ ਨ ਵਰਤ ਨੇਮ ਨ ਕੋ ਕੱਢੇ ਹਦੀਸ॥ ਕੋਇ ਨ ਕਿਸਕੀ ਜਾਣਸੀ ਨਾ ਕੋ ਕਰੇ ਸਲਾਮ॥ ਨਾਨਕ ਸ਼ਬਦ ਵਰੱਤਦਾ ਇਸ ਕੋਟੀ ਮੱਟੀ ਜਾਣ॥ ੪੯॥ ਤਿਸਦਾ ਪਰਮਾਰਥ ॥ ਭਾਈ ਅਜਿੱਤਿਆ ਜਦੋਂ ਗੁਰੂ ਏਸ ਧਰਤੀ ਉੱਪਰੋ ਅਦ੍ਰਿਸ਼ਟ ਹੋਜਾਵਨਗੇ ਤਾਂ ਪਿੱਛੇ ਸੰਸਾਰ ਵਿਚ ਐਸੀ ਵਰਤ ਜਾਵੇਗੀ ਜੋ ਕੋਈ ਕਿਸੇ ਨੂੰ ਜਾਣੇਗਾ ਨਾਹੀਂ ਅਤੇ ਧੁੰਧੂਕਾਰ ਵਰਤ ਜਾਸੀ ਅਵੇਹੇ ਮਨਮੁਖ ਹੋਣਗੇ ਜੋ ਕੋਈ ਨਾ ਹਿੰਦੂ ਰਹੇਗਾ ਨਾ ਮੁਸਲਮਾਨ ਰਹੇਗਾ ਨਾ ਰਾਮ ਕਉ ਮੰਨਣਗੇ ਨਾ ਰਹੀਮ ਕੋ ਮੰਨਣਗੇ ਨਾ ਗਾਇਤ੍ਰੀ ਤਰਪਣ ਇਸ਼ਨਾਨ ਨਾ ਧਰਮ ਨ ਨੇਮ ਨਾ ਤੀਰਥ ਨ ਪੂਜਾ ਨਾ ਦੇਵੀ ਨਾ ਦੇਹੁਰਾ ਨਾ ਧਰਮਸਾਲਾ ਨਾ ਮਸੀਤ ਨਾ ਬਾਂਗ ਨਾ ਨਿਮਾਜ਼ ਨਾ ਫਾਇਤਾ ਨ ਦੁਆਇ ਨਾ ਸਲਾਮ ਨ ਕੋ ਕਿਸੇ ਧਿਆਇਸੀ ਨਾ ਦੇਵੀ ਕੀ ਪੂਜਾ ਸੰਸਾਰ ਕਰੇਗਾ ਸਭ ਇਕ ਵਰਨ ਹੋਇ ਜਾਵਨਗੇ ਅਤੇ ਸ਼ਬਦ ਗੁਰੂ ਕਾ ਕਿਥਾਊਂ ਵਿਰਲਾ ਹੀ ਹੋਵੇਗਾ ਤਿਸ ਸਮੇ ਜੋ ਕੋਈ ਕਿਤੇ ਜਾਇ ਪਰਮੇਸ਼ਰ ਕਾ ਨਾਮ ਲਏਗਾ ਤਿਸਕੋ ਮਾਰਨਗੇ ਐਸਾ ਵਰਤਾਰਾ ਵਰਤ ਜਾਵੇਗਾ ਦੁਹਾਂ ਧਿਰਾ ਦਾ ਨਾਸ ਹੋਇ ਜਾਵੇਗਾ ਤਾਂ ਉਸ ਸਮੇ ਇਕ ਭਗਤ ਪੈਦਾ ਹੋਇ ਜਾਵੇਗਾ ਸੋ ਨੀਲ ਬਸਤਰ ਪਹਿਰੇਗਾ ਅਤੇ ਐਹੋ ਸ਼ਬਦ ਪੋਥੀਆਂ ਉਚਾਰੇਗਾ ਤਾਂ ਉਸਦੇ ਵਾਸਤੇ ਪਰਮੇਸ਼ਰ ਆਪ ਉਤਾਰੀ ਹੋਇ ਕਰ ਸਹਾਇਤਾ ਕਰੇਗਾ ਅਤੇ ਸ਼ਬਦ ਅਲਪ ਰਹਿਜਾਵੇਗਾ ਕੋਈ ਵਿਰਲਾ ਹੀ ਜਾਣੇਗਾ ਤੇ ਉਸ ਪਾਸ ਕੋਈ ਵਿਰਲਾ ਹੀ ਜਾਵੇਗਾ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਸੱਚੇ ਪਾਤਸ਼ਾਹ ਜੀ ਓਹ ਕੌਣ ਭਗਤ ਹੋਵੇਗਾ ਜੀ ਤਾਂ ਬਚਨ ਹੋਯਾ ਹੇ ਭਾਈ ਅਜਿੱਤਿਆ ਤੂੰ ਸੁਣ॥ ਸ਼ਲੋਕ ॥ ਨਿਹਕਲੰਕ ਹੋਇ ਉਤਰਸੀ ਮਹਾਂ ਬਲੀ ਅਉਤਾਰ॥ ਸੰਤ ਰੱਛਿਆ ਜੁਗ ਜੁਗ ਕਰੇ ਦੁਸ਼ਟਾਂ ਕਰੇ ਸੰਘਾਰ॥ ਨਾਮ ਧਰਮ ਚਲਾਇਸੀ ਜਗ ਹੋਮ ਹੋਵਹਿ ਵਾਰ ॥ ਨਾਨਕ ਕਲਜੁਗ ਤਾਰਸੀ ਸਿਮਰਨ ਨਾਮ ਅਧਾਰ ॥ ੫੦ ॥ ਤਿਸਦਾ ਪਰਮਾਰਥ ॥ ਭਾਈ ਅਜਿੱਤਿਆ ਗੁਰੂ ਜੋ

ਕਲਜੁਗ ਮੇਂ ਸੰਸਾਰ ਵਿਚ ਆਯਾ ਹੈ ਸੋ ਪਰਉਪਕਾਰ ਵਾਸਤੇ ਅਤੇ ਜਾਂ ਗੁਰੂ ਜਾਮਾ ਪਹਿਰਸੀ ਤਾਂ ਧ੍ਰਿਧੂਕਾਰ ਵਰਤ ਜਾਇਗਾ ਜਿਥੇ ਕੁਛ ਪੂਜਾ ਚਰਚਾ ਸੁਣਨਗੇ ਤਿੱਥੇ ਚੜ ਕਰ ਮਾਰਨਗੇ ਤੁਰਕਾਂ ਦਾ ਤੇਜ ਹੋਵਸੀ ਤਾਂ ਉਸ ਸਮੇ ਇਕ ਸੰਤ ਪਰਮੇਸ਼ਰ ਕੀ ਪੂਜਾ ਕਰੇਗਾ ਤੇ ਉਸਦੇ ਘਰ ਇਕ ਇਸਤ੍ਰੀ ਬਹੁਤ ਚੰਦ੍ਰੀ ਹੋਵੇਗੀ ਓਹ ਨਾਰ ਜਾਇ ਲੋਕਾਂ ਅੱਗੇ ਚੁਗਲੀ ਕਰੇਗੀ ਤਿਸ ਕਰਕੇ ਸੰਤ ਕੋ ਦੈਤ ਦੁਖ ਦੇਵਨਗੇ ਤਾਂ ਉਸ ਸੰਤ ਵਾਸਤੇ ਗੁਰੂ ਜਾਮਾ ਪਹਿਰਸੀ ਜਹਾਂ ਤੀਕਰ ਉਸ ਸੰਤ ਦਾ ਦੋਖੀ ਦੁਸ਼ਟ ਹੋਵੇਗਾ ਸੋ ਉਨਾਂਨੂੰ ਚੁਣਚੁਣਕਰ ਮਾਰੇਗਾ ਫੇਰ ਨਵੇਂ ਧਰਮ ਚਲਾਵੇਗਾ ਅਤੇ ਜੱਗ ਹੋਮ ਸ਼ਬਦ ਸਾਖੀ ਕੀਰਤਨ ਹੋਵਨਗੇ ਦੂਤੀ ਦੁਸ਼ਟ ਕਉ ਸੰਘਾਰੇਗਾ ਅਤੇ ਚਉਰਾਸੀ ਜਾਮੇ ਕਲਜੁਗ ਮੇਂ ਸੰਪੂਰਨ ਕਰੇਗਾ ਕਲਜੁਗ ਕੀ ਮਿਤ ਪੂਰਨ ਹੋਇਗੀ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਹੇ ਸੱਚੇ ਪਾਤਸ਼ਾਹ ਜੀ ਮੈਨੂੰ ਬਖਸ਼ ਲਵੋ ਜੀ ਮੈਂ ਆਪਦੇ ਸਨਮੁਖ ਬਹੁਤ ਬਚਨ ਕੀਤੇ ਹੈਨ ਤਾਂ ਬਚਨ ਹੋਯਾ ਭਾਈ ਏਹ ਗੱਲਾਂ ਨਹੀਂ ਏਹ ਤਾਂ ਗੁਰ ਮੰਤ੍ਰ ਹੈਨ ਜੋ ਕੋਈ ਏਸਨੂੰ ਮਨ ਕਰਕੇ ਪੜੇਗਾ ਅਥਵਾ ਦਿਲ ਕਰਕੇ ਸੁਣੇਗਾ ਸੋ ਤਿਸਕਾ ਤਤਕਾਲ ਹੀ ਉਧਾਰ ਹੋਵੇਗਾ ॥ ਸ਼ਲੋਕ ॥ ਅਮਰ ਬਚਨ ਗੁਰਦੇਵ ਦੇ ਜਿਹ

ਜਨ ਰਿਦੇ ਬਸਾਇ ॥ ਮੁਕਤਿ ਜੁਗਤਿ ਅਰ ਮਾਲ ਧਨ ਜੁਗੋ ਜੁਗੰਤਰ ਖਾਹਿ ॥

ਸ਼ਬਦ ਅਖਰ ਜਿਸ ਮਨ ਵਸੈ ਖਿਨਮਹਿ ਹੋਇ ਉਧਾਰ॥ ਧੰਨ ਪਰਮਾਰਥ ਨਾਨਕਾ

ਜਿਸ ਲਗ ਤਰੈ ਸੰਸਾਰ ॥੫੧॥ ਤਿਸਕਾ ਪਰਮਾਰਥ ॥ ਭਾਈ ਅਜਿੱਤਿਆ

ਜੋ ਕੋਈ ਸ਼ਬਦ ਕਉ ਖੋਜੇਗਾ ਤੇ ਮਨ ਵਿਖੇ ਵਸਾਵੇਗਾ ਤਾਂ ਉਸਦਾ ਤਤਕਾਲ ਹੀ ਉਧਾਰ ਹੋਇ ਜਾਵੇਗਾ ਭਾਂਵੇਂ ਖੱਤ੍ਰੀ ਵਾ ਬ੍ਰਹਮਣ ਵੈਸ ਸੂਦਰ ਚੰਡਾਲ ਹੋਵੇ ਜੋ ਗੁਰੂ ਕੇ ਸ਼ਬਦ ਕੋ ਖੋਜੇਗਾ ਤਿਸਕਾ ਉਧਾਰ ਹੋਵੇਗਾ ਅਤੇ ਬੱਚਾ ਓਹ ਪਰਮਾਰਥ ਵੀ ਧੰਨ ਹੈ ਜਿਸ ਕਰਕੇ ਸੰਸਾਰ ਤਰੇਗਾ ਏਹ ਹਰਿ ਧਨ ਜੁਗਾ ਜੁਗੰਤਰ ਨਿਖੁਟੇਗਾ ਨਾਹੀਂ ਹਰਿ ਨਾਮ ਰੂਪੀ ਜੋ ਧਨ ਹੈ ਸੋ ਅਖੁੱਟ ਭੰਡਾਰ ਹੈ ॥ ਬੋਲੋ ਭਾਈ ਜੀ ਵਾਹਿਗੁਰੂ॥ ਸ਼ਲੋਕ

ਗੋਸ਼ਟ ਸਤਿਗੁਰੂ ਨਾਨਕ ਨਿਰੰਕਾਰ ਜੀ ਨਾਲ॥ ਅਜਿੱਤੇ ਰੰਧਾਵੇ ਕੀਆ ਉਚਾਰ ॥ ਜੋ ਸਿੱਖ ਪੜੈ ਪ੍ਰੀਤਿ ਕਰ ਸੋਈ ਉਤਰੈ ਪਾਰ ॥ ਦੋਹਰਾ ॥ ਜਨਮ ਮਰਣ ਤਾਕਾ ਮਿਟੈ ਪੜੈ ਜੁ ਪ੍ਰੀਤ ਲਗਾਇ ॥ ਜੀਵਨ ਤਿਸਕਾ ਸਫਲ ਹੈ ਨਾਨਕ ਨਾਮ ਧਿਆਇ ॥ ਨਾਨਕ ਮੂਰਤਿ ਨਾਮ ਕੀ ਜਪਿਆਂ ਸਭ ਦੁਖ ਦੂਰ ॥ ਨਾਨਕ ਤਿਸ ਬਲਿਹਾਰਣੇ ਜੋ ਰਹਿੰਦੇ ਸਦਾ ਹਜ਼ੂਰ॥

ਗੋਸ਼ਟ ਅਜਿੱਤੇ ਰੰਧਾਵੇ ਕੀ ਸੰਪੂਰਣੰ ਸ਼ੁਭ ਮਸਤ ॥